# CALIFORNIA VENUES GRANT PROGRAM

ਇਸ ਪ੍ਰੋਗਰਾਮ ਵਾਸਤੇ ਫ਼ੰਡ ਸਹਾਇਤਾ ਕੈਲੀਫੋਰਨੀਆ ਪ੍ਰਾਂਤ ਵੱਲੋਂ ਦਿੱਤੀ ਜਾਂਦੀ ਹੈ ਅਤੇ ਇਸਦਾ ਸੰਚਾਲਨ CalOSBA ਵੱਲੋਂ ਕੀਤਾ ਜਾਂਦਾ ਹੈ।



## ਅਸੀਂ ਉਹਨਾਂ ਸੀਟਾਂ ਨੂੰ ਦੁਬਾਰਾ ਭਰਨ ਵਿੱਚ ਤੁਹਾਡੀ ਮਦਦ ਕਰਨੀ ਚਾਹੁੰਦੇ ਹਾਂ।

# ਪ੍ਰੋਗਰਾਮ ਅਤੇ ਐਪਲੀਕੇਸ਼ਨ ਗਾਈਡ

(ਸੋਧਿਆ ਗਿਆ 10.28/21)

# ਪ੍ਰੋਗਰਾਮ ਦਾ ਸਾਰ

The California Venues Grant Program ("ਪ੍ਰੋਗਰਾਮ") **ਯੋਗ ਸੁਤੰਤਰ ਲਾਈਵ ਈਵੈਂਟ ਆਯੋਜਿਤ ਕਰਨ ਵਾਲੇ ਸਥਾਨਾਂ** ਦੀ ਸਹਾਇਤਾ ਕਰੇਗਾ ਜੋ COVID-19 ਤੋਂ ਪ੍ਰਭਾਵਿਤ ਹੋਏ ਹਨ ਤਾਂ ਜੋ ਉਹਨਾਂ ਨੂੰ ਨਿਰਵਿਘਨ ਚਲਦਾ ਰੱਖਣ ਵਿੱਚ ਸਹਾਇਤਾ ਕੀਤੀ ਜਾ ਸਕੇ।

ਯੋਗ ਸੁਤੰਤਰ ਲਾਈਵ ਸਮਾਰੋਹ ਆਯੋਜਿਤ ਕਰਨ ਵਾਲੇ ਸਥਾਨਾਂ ਦਾ ਇੱਕ ਭੌਤਿਕ ਪਤਾ ਹੋਣਾ ਲਾਜ਼ਮੀ ਹੈ ਅਤੇ ਉਹ ਕੈਲੀਫੋਰਨੀਆ ਵਿੱਚ ਕੰਮ ਕਰਦੇ ਹੋਣੇ ਚਾਹੀਦੇ ਹਨ, ਜਿਸਦੀ ਤਸਦੀਕ ਜਮ੍ਹਾਂ ਕਰਵਾਈਆਂ ਕਾਰੋਬਾਰੀ ਟੈਕਸ ਰਿਟਰਨਾਂ ਤੋਂ ਕੀਤੀ ਜਾਵੇਗੀ। ਜੇ ਤੁਹਾਡੇ ਕਾਰੋਬਾਰ ਦੀਆਂ ਟੈਕਸ ਰਿਟਰਨਾਂ ਵਿੱਚ ਕੈਲੀਫੋਰਨੀਆ ਦੇ ਪਤੇ ਦਾ ਹਵਾਲਾ ਨਹੀਂ ਹੈ, ਤਾਂ ਤੁਹਾਨੂੰ ਅਯੋਗ ਮੰਨਿਆ ਜਾਵੇਗਾ।

## ਗ੍ਰਾਂਟ ਦਾ ਅਨੁਦਾਨ

ਇਸ ਪ੍ਰੋਗਰਾਮ ਤਹਿਤ ਦਿੱਤੀਆਂ ਜਾਂਦੀਆਂ ਗ੍ਰਾਂਟਾਂ ਦੀ ਰਕਮ **ਜਾਂ ਤਾਂ ਢਾਈ ਲੱਖ ਡਾਲਰ ($250,000) ਜਾਂ** 2019 ਦੇ ਟੈਕਸਯੋਗ ਸਾਲ ਲਈ ਕੈਲੀਫੋਰਨੀਆ ਵਿੱਚ ਬਿਨੈਕਾਰ ਦੇ ਕੁੱਲ ਕਮਾਏ ਮਾਲੀਏ ਦਾ 20 ਪ੍ਰਤੀਸ਼ਤ ਹੋਵੇਗੀ, ਦੋਨਾਂ ਵਿੱਚੋਂ ਜੋ ਵੀ ਘੱਟ ਹੋਵੇ।

## ਅਰਜ਼ੀ ਪ੍ਰਕਿਰਿਆ

- ਇਸ ਸੈਕਸ਼ਨ ਤਹਿਤ ਵੰਡੀਆਂ ਜਾਂਦੀਆਂ ਗ੍ਰਾਂਟਾਂ ਵਾਸਤੇ ਯੋਗ ਸੁਤੰਤਰ ਲਾਈਵ ਈਵੈਂਟ ਦੇ ਬਿਨੈਕਾਰ **ਇੱਕ ਨਵੀਂ ਅਤੇ ਵੱਖਰੀ ਅਰਜ਼ੀ** ਭਰਨਗੇ ਚਾਹੇ ਉਹਨਾਂ ਨੇ ਕੈਲੀਫੋਰਨੀਆ ਸਰਕਾਰ ਦੇ ਕੋਡ ਸੈਕਸ਼ਨ 12100.83 ਵਿੱਚ ਸਥਾਪਤCalifornia Small Business COVID-19 Relief Grant Program ਵਾਸਤੇ ਕੋਈ ਅਰਜ਼ੀ ਪਹਿਲਾਂ ਹੀ ਜਮ੍ਹਾਂ ਕਰਵਾ ਦਿੱਤੀ ਹੈ।

- **ਜੇ ਕਿਸੇ ਯੋਗ ਸੁਤੰਤਰ ਲਾਈਵ ਈਵੈਂਟ ਨੂੰ ਕੈਲੀਫੋਰਨੀਆ ਸਰਕਾਰ ਦੇ ਕੋਡ ਸੈਕਸ਼ਨ 12100.83 ਵਿੱਚ ਸਥਾਪਤ California Small Business COVID-19 Relief Grant Program ਵਾਸਤੇ ਗ੍ਰਾਂਟ ਦਿੱਤੀ ਜਾਂਦੀ ਹੈ, ਤਾਂ ਉਸ ਗ੍ਰਾਂਟ ਦੀ ਰਕਮ ਇਸ ਪ੍ਰੋਗਰਾਮ ਤਹਿਤ ਦਿੱਤੀ ਜਾਣ ਵਾਲੀ ਗ੍ਰਾਂਟ ਦੀ ਰਕਮ ਵਿੱਚੋਂ ਘਟਾ ਦਿੱਤੀ ਜਾਵੇਗੀ। ਜੇ California Small Business COVID-19 Relief Grant Program ਤਹਿਤ ਦਿੱਤੀ ਗਈ ਗ੍ਰਾਂਟ ਇਸ ਪ੍ਰੋਗਰਾਮ ਤਹਿਤ ਦਿੱਤੀ ਜਾਂਦੀ ਗ੍ਰਾਂਟ ਤੋਂ ਵੱਧ ਹੈ, ਤਾਂ ਯੋਗ ਸੁਤੰਤਰ ਲਾਈਵ ਈਵੈਂਟ ਨੂੰ ਇਸ ਪ੍ਰੋਗਰਾਮ ਦੇ ਤਹਿਤ ਗ੍ਰਾਂਟ ਪ੍ਰਾਪਤ ਨਹੀਂ ਹੋਵੇਗੀ।**

# ਪ੍ਰੋਗਰਾਮ ਦਾ ਸਾਰ

- ਯੋਗ ਬਿਨੈਕਾਰਾਂ ਵਾਸਤੇ ਸੰਬੰਧਿਤ ਕਾਰਵਾਈ ਤਿੰਨ (3) ਪੜਾਵਾਂ ਵਿੱਚ ਪੂਰੀ ਕੀਤੀ ਜਾਵੇਗੀ:
  - **ਪੜਾਅ 1:** ਮੁੱਢਲੀ ਜਾਣਕਾਰੀ ਪ੍ਰਦਾਨ ਕਰਵਾਕੇ ਅਤੇ ਲੋੜੀਂਦੇ ਚੁਣੇ ਹੋਏ ਵਿੱਤੀ ਦਸਤਾਵੇਜ਼ਾਂ, ਪਹਿਚਾਣ ਸਾਬਤ ਕਰਦੇ ਦਸਤਾਵੇਜ਼ਾਂ, ਅਤੇ ਦਿੱਤੀ ਗਈ ਜਾਣਕਾਰੀ ਦੀ ਸਟੀਕਤਾ ਅਤੇ ਸੱਚਾਈ ਦੇ ਸੰਬੰਧ ਵਿੱਚ ਇੱਕ 'ਅਰਜ਼ੀ ਪ੍ਰਮਾਣਿਕਤਾ' (Application Certification) ਨੂੰ ਅੱਪਲੋਡ ਕਰਕੇ, ਬਿਨੈਕਾਰ Lendistry ਦੀ ਪੋਰਟਲ ਦੇ ਰਾਹੀਂ ਇੱਕ ਵੈੱਬ ਅਰਜ਼ੀ ਭਰਦੇ ਹਨ।
  - **ਪੜਾਅ2:** ਬਿਨੈਕਾਰ ਇੱਕ ਸ਼ੁਰੂਆਤੀ ਪ੍ਰਮਾਣੀਕਰਨ ਪ੍ਰਕਿਰਿਆ ਵਿੱਚੋਂ ਗੁਜ਼ਰਦੇ ਹਨ ਤਾਂ ਜੋ ਇਹ ਨਿਰਣਾ ਕੀਤਾ ਜਾ ਸਕੇ ਕਿ ਕੀ ਕਾਰੋਬਾਰ ਪ੍ਰੋਗਰਾਮ ਦੀਆਂ ਘੱਟੋ-ਘੱਟ ਯੋਗਤਾ ਲੋੜਾਂ ਦੀ ਪੂਰਤੀ ਕਰਦਾ ਹੈ।
  - **ਪੜਾਅ3:** ਜਿਹੜੇ ਬਿਨੈਕਾਰਾਂ ਨੂੰ ਇਸ ਪ੍ਰਮਾਣੀਕਰਨ ਪ੍ਰਕਿਰਿਆ ਵਿੱਚ ਅੱਗੇ ਵਧਣ ਲਈ ਚੁਣਿਆ ਜਾਂਦਾ ਹੈ, ਉਹਨਾਂ ਨੂੰ ਵਾਧੂ ਦਸਤਾਵੇਜ਼ ਪ੍ਰਦਾਨ ਕਰਾਉਣ ਲਈ ਬੇਨਤੀ ਕੀਤੀ ਜਾਵੇਗੀ।

- Lendistry ਚੁਣੇ ਹੋਏ, ਪੁਸ਼ਟੀਸ਼ੁਦਾ, ਅਤੇ ਮਨਜ਼ੂਰਸ਼ੁਦਾ ਯੋਗਤਾ ਪੂਰੀ ਕਰਨ ਵਾਲੇ ਕਾਰੋਬਾਰਾਂ ਅਤੇ ਗੈਰ-ਮੁਨਾਫਾ ਸੰਸਥਾਵਾਂ ਨੂੰ ਕੈਲੀਫੋਰਨੀਆ ਪ੍ਰਾਂਤ ਦੀ ਤਰਫ਼ੋਂ ਗ੍ਰਾਂਟਾਂ ਵੰਡੇਗੀ।
  - ਜਿਹੜੇ ਬਿਨੈਕਾਰ ਫ਼ੰਡ ਪ੍ਰਾਪਤ ਕਰਨ ਲਈ ਚੁਣੇ, ਪੁਸ਼ਟੀਸ਼ੁਦਾ, ਅਤੇ ਮਨਜ਼ੂਰਸ਼ੁਦਾ ਹੋ ਜਾਂਦੇ ਹਨ, ਉਹਨਾਂ ਨੂੰ Lendistry ਵੱਲੋਂ ਇੱਕ ਈਮੇਲ ਸੂਚਨਾ ਮਿਲੇਗੀ ਜੋ ਉਹਨਾਂ ਨੂੰ Lendistry ਦੀ ਪੋਰਟਲ ਦੇ ਡੈਸ਼ਬੋਰਡ ਉੱਤੇ ਇੱਕ 'Grantee Agreement' ਵੱਲ ਨਿਰਦੇਸ਼ਿਤ ਕਰੇਗੀ। ਫ਼ੰਡਿੰਗ ਵਾਸਤੇ ਮਨਜ਼ੂਰਸ਼ੁਦਾ ਬਿਨੈਕਾਰ Lendistry ਦੀ ਪੋਰਟਲ ਛੱਡਣ ਦੇ ਬਗੈਰ, ਆਪਣੇ Grantee Agreement ਨੂੰ DocuSign ਦੇ ਰਾਹੀਂ ਨੇਪਰੇ ਚਾੜ੍ਹਨ ਦੇ ਯੋਗ ਹੋਣਗੇ, ਜੋ ਇੱਕ ਇਲੈਕਟ੍ਰਾਨਿਕ ਦਸਤਖਤ ਕਰਨ ਦਾ ਪਲੇਟਫਾਰਮ ਹੈ। ਇਸ ਤੋਂ ਪਹਿਲਾਂ ਕਿ ACH ਵਾਇਰ ਟ੍ਰਾਂਸਫਰ ਰਾਹੀਂ ਫ਼ੰਡਾਂ ਨੂੰ ਰਿਲੀਜ਼ ਕੀਤਾ ਜਾਵੇ, Grantee Agreement ਨੂੰ ਪੂਰੀ ਤਰ੍ਹਾਂ ਨੇਪਰੇ ਚਾੜ੍ਹਨਾ ਲਾਜ਼ਮੀ ਹੈ।
  - ਅਰਜ਼ੀ ਪ੍ਰਕਿਰਿਆ ਦੇ ਦੌਰਾਨ, ਤੁਹਾਨੂੰ ਆਪਣੇ ਕਾਰੋਬਾਰ ਦੇ ਬੈਂਕਿੰਗ ਖਾਤੇ ਨੂੰ Lendistry ਦੀ ਪੋਰਟਲ ਨਾਲ ਲਿੰਕ ਕਰਨ ਦੀ ਬੇਨਤੀ ਕੀਤੀ ਜਾਵੇਗੀ, ਅਜਿਹਾ Plaid ਦੀ ਵਰਤੋ ਕਰਕੇ ਕੀਤਾ ਜਾਂਦਾ ਹੈ, ਜੋ ਇੱਕ ਤੀਜੀ-ਧਿਰ ਦੀ ਤਕਨਾਲੋਜੀ ਕੰਪਨੀ ਹੈ ਜੋ ਸਾਨੂੰ ਤੁਹਾਡੀ ਬੈਂਕ ਜਾਂ ਕ੍ਰੈਡਿਟ ਯੂਨੀਅਨ ਤੋਂ ਖਾਤੇ ਦੀ ਪੁਸ਼ਟੀ ਕਰਨ ਅਤੇ ਇਹਨਾਂ ਨੂੰ Lendistry ਦੀ ਪੋਰਟਲ ਵਰਗੀ ਕਿਸੇ ਐਪ ਨਾਲ ਕਨੈਕਟ ਕਰਨ ਦੇ ਯੋਗ ਬਣਾਉਂਦੀ ਹੈ। ਵਿਕਲਪਕ ਪੁਸ਼ਟੀਕਰਨ ਵਿਧੀਆਂ ਉਪਲਬਧ ਹਨ, ਸਮੇਤ ਉਸ ਸੂਰਤ ਦੇ ਜੇ ਤੁਹਾਡੀ ਬੈਂਕਿੰਗ ਸੰਸਥਾ Plaid ਦੇ ਰਾਹੀਂ ਉਪਲਬਧ ਨਹੀਂ ਹੈ।

# ਪਰਿਭਾਸ਼ਾਵਾਂ: ਯੋਗਤਾ ਪੂਰੀ ਕਰਨ ਵਾਲਾ ਸਥਾਨ

"***ਯੋਗ ਸਥਾਨ* (Eligible Venue)**" ਦਾ ਮਤਲਬ ਇੱਕ ਅਜਿਹਾ ਸਥਾਨ ਹੈ ਜਿਸਦੀਆਂ ਨਿਮਨਲਿਖਤ ਵਿਸ਼ੇਸ਼ਤਾਵਾਂ ਹੋਣ:

1. ਇੱਕ ਪਰਿਭਾਸ਼ਿਤ ਪ੍ਰਦਰਸ਼ਨ ਅਤੇ ਸਰੋਤਿਆਂ ਦਾ ਸਥਾਨ।

2. ਮਿਕਸਿੰਗ ਦਾ ਸਾਜ਼ੋ-ਸਮਾਨ, ਜਨਤਾ ਨੂੰ ਸੰਬੋਧਿਤ ਕਰਨ ਦੀ ਪ੍ਰਣਾਲੀ, ਅਤੇ ਇੱਕ ਰੋਸ਼ਨੀ ਵਾਲਾ ਰਿੱਗ (rig)।

3. ਇਹ ਸਥਾਨ ਇੱਕ ਜਾਂ ਵਧੇਰੇ ਵਿਅਕਤੀਆਂ ਨੂੰ ਹੇਠ ਲਿਖੀਆਂ ਭੂਮਿਕਾਵਾਂ ਵਿੱਚੋਂ ਘੱਟੋ-ਘੱਟ ਦੋ ਨੂੰ ਨਿਭਾਉਣ ਲਈ ਉਹਨਾਂ ਦੀਆਂ ਸੇਵਾਵਾਂ ਲੈਂਦਾ ਹੈ:
   - ਇੱਕ ਸਾਊਂਡ ਇੰਜੀਨੀਅਰ।
   - ਇੱਕ ਬੁੱਕਰ।
   - ਇੱਕ ਪ੍ਰੋਮੋਟਰ।
   - ਇੱਕ ਸਟੇਜ ਮੈਨੇਜਰ।
   - ਸੁਰੱਖਿਆ ਕਰਮਚਾਰੀ।
   - ਇੱਕ ਬਾਕਸ ਆਫਿਸ ਮੈਨੇਜਰ।

4. ਮੁਫ਼ਤ ਈਵੈਂਟਾਂ ਯਾਨੀ ਸਮਾਰੋਹ ਆਯੋਜਿਤ ਕਰਨ ਵਾਲੀ ਕਿਸੇ ਗੈਰ-ਮੁਨਾਫਾ ਸੰਸਥਾ ਦੀ ਮਲਕੀਅਤ ਵਾਲੇ ਜਾਂ ਉਸ ਵੱਲੋਂ ਚਲਾਏ ਜਾਂਦੇ ਸਥਾਨ ਵਾਸਤੇ, ਈਵੈਂਟਾਂ ਨੂੰ ਮੁੱਖ ਤੌਰ 'ਤੇ ਤਨਖਾਹਸ਼ੁਦਾ ਕਰਮਚਾਰੀਆਂ ਦੁਆਰਾ ਸਿਰਜਿਆ ਅਤੇ ਪ੍ਰਬੰਧਿਤ ਕੀਤਾ ਜਾਂਦਾ ਹੈ, ਨਾ ਕਿ ਸਵੈਸੇਵੀਆਂ ਦੁਆਰਾ।

# ਪਰਿਭਾਸ਼ਾਵਾਂ: ਯੋਗ ਸੁਤੰਤਰ ਲਾਈਵ ਈਵੈਂਟ

"***ਯੋਗ ਸੁਤੰਤਰ ਲਾਈਵ ਈਵੈਂਟ***" ਦਾ ਮਤਲਬ ਉਹ ਇਕਾਈ ਹੈ ਜੋ ਹੇਠ ਲਿਖੀਆਂ **ਸਾਰੀਆਂ** ਸ਼ਰਤਾਂ ਪੂਰੀਆਂ ਕਰਦੀ ਹੈ:

1. ਉਹ ਇਕੱਲੀ ਮਾਲਕ ਹੈ, C-ਕਾਰਪੋਰੇਸ਼ਨ ਹੈ, S-ਕਾਰਪੋਰੇਸ਼ਨ ਹੈ, ਸਹਿਕਾਰੀ ਸੋਸਾਇਟੀ ਹੈ, ਸੀਮਤ ਦੇਣਦਾਰੀ ਵਾਲੀ ਕੰਪਨੀ ਹੈ, ਪਾਰਟਨਰਸ਼ਿਪ ਹੈ, ਸੀਮਤ ਪਾਰਟਨਰਸ਼ਿਪ ਹੈ, ਜਾਂ ਕੋਈ ਰਜਿਸਟਰਡ 501(c)(3) ਗੈਰ-ਮੁਨਾਫਾ ਇਕਾਈ ਹੈ ਜੋ ਉਪ-ਪੈਰ੍ਹੇ (B) ਤੋਂ ਲੈਕੇ (G) ਵਿੱਚ ਪਰਿਭਾਸ਼ਿਤ ਸਾਰੀਆਂ ਕਸੌਟੀਆਂ ਨੂੰ ਪੂਰਾ ਕਰਦੀ ਹੈ ਜਿਸ ਵਿੱਚ ਕੈਲੀਫੋਰਨੀਆ ਸਰਕਾਰ ਦੇ ਕੋਡ ਸੈਕਸ਼ਨ 12100.82 ਦੀ ਸਬਡਿਵੀਜ਼ਨ (f) ਦਾ ਪੈਰ੍ਹਾ (1) ਵੀ ਸ਼ਾਮਲ ਹੈ।
2. ਜਿਸਨੇ 1 ਜੂਨ, 2019 ਤੋਂ ਪਹਿਲਾਂ ਪ੍ਰਾਂਤ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ
3. ਜੋ ਵਰਤਮਾਨ ਸਮੇਂ ਸਰਗਰਮ ਹੈ ਅਤੇ ਕਾਰਜ ਚਲਾ ਰਹੀ ਹੈ ਜਾਂ ਜਿਸਦੀ ਦੁਬਾਰਾ ਕਾਰੋਬਾਰ ਖੋਲ੍ਹਣ ਦੀ ਸਪੱਸ਼ਟ ਯੋਜਨਾ ਹੈ ਜਦ ਪ੍ਰਾਪਤ ਕਾਰੋਬਾਰ ਮੁੜ-ਖੋਲ੍ਹਣ ਦੀ ਇਜਾਜ਼ਤ ਦਿੰਦਾ ਹੈ
4. ਜਿਸ ਉੱਤੇ COVID-19 ਅਤੇ ਇਸ ਨਾਲ ਸੰਬੰਧਿਤ ਸਿਹਤ ਅਤੇ ਸੁਰੱਖਿਆ ਪ੍ਰਤੀਬੰਧਾਂ ਦਾ ਅਸਰ ਪਿਆ ਹੈ, ਜਿਵੇਂ ਕਿ COVID-19 ਮਹਾਂਮਾਰੀ ਦੇ ਸਿੱਟੇ ਵਜੋਂ ਕਾਰੋਬਾਰਾਂ ਵਿੱਚ ਵਿਘਨ ਪੈਣਾ ਜਾਂ ਕਾਰੋਬਾਰਾਂ ਦਾ ਬੰਦ ਹੋਣਾ
5. ਜੋ ਸੰਗਠਿਤਕਾਰੀ ਦਸਤਾਵੇਜ਼ ਪ੍ਰਦਾਨ ਕਰਾਉਂਦੀ ਹੈ, ਜਿਸ ਵਿੱਚ 2019 ਅਤੇ 2020 ਦੀ ਪ੍ਰਾਂਤ ਅਤੇ ਸੰਘੀ ਟੈਕਸ ਰਿਟਰਨ ਜਾਂ ਫਾਰਮ 990, ਅਤੇ ਸੈਕਰੇਟਰੀ ਆਫ ਸਟੇਟ ਜਾਂ ਸਥਾਨਕ ਨਗਰਪਾਲਿਕਾ ਕੋਲ ਅਧਿਕਾਰਿਤ ਫਾਇਲਿੰਗ ਦੀ ਇੱਕ ਕਾਪੀ, ਜੋ ਵੀ ਲਾਗੂ ਹੁੰਦਾ ਹੋਵੇ, ਜਿਸ ਵਿੱਚ ਅੱਗੇ ਲਿਖੀਆਂ ਚੀਜ਼ਾਂ ਸ਼ਾਮਲ ਹਨ ਪਰ ਸੂਚੀ ਏਥੋਂ ਤੱਕ ਸੀਮਤ ਨਹੀਂ ਹੈ: ਆਰਟੀਕਲਜ਼ ਆਫ ਇਨਕਾਰਪੋਰੇਸ਼ਨ, ਸਰਟੀਫਿਕੇਟ ਆਫ ਆਰਗੇਨਾਈਜ਼ੇਸ਼ਨ, ਫਿਕਟਿਸ਼ੀਅਸ ਨੇਮ ਆਫ ਰਜਿਸਟ੍ਰੇਸ਼ਨ, ਜਾਂ ਸਰਕਾਰ ਵੱਲੋਂ ਜਾਰੀ ਕਾਰੋਬਾਰੀ ਲਾਇਸੰਸ।
6. ਜੋ ਸਰਕਾਰ ਵੱਲੋਂ ਜਾਰੀ ਕੀਤੇ ਫ਼ੋਟੋ ਪਛਾਣ-ਪੱਤਰ ਦੀ ਕੋਈ ਸਵੀਕਾਰ ਕਰਨਯੋਗ ਕਿਸਮ ਪ੍ਰਦਾਨ ਕਰਾਉਂਦੀ ਹੈ।

# ਪਰਿਭਾਸ਼ਾਵਾਂ: ਯੋਗ ਸੁਤੰਤਰ ਲਾਈਵ ਈਵੈਂਟ

8. ਜੋ ਹੇਠ ਲਿਖੇ ਨੌਰਥ ਅਮੈਰਿਕਨ ਇੰਡਸਟਰੀ ਕਲਾਸੀਫਿਕੇਸ਼ਨ ਸਿਸਟਮ ਕੋਡਾਂ ਵਿੱਚੋਂ ਕਿਸੇ ਇੱਕ ਵਿੱਚ ਹੈ:
   - 711211: ਖੇਡ ਟੀਮਾਂ ਅਤੇ ਕਲੱਬਾਂ।
   - 711310: ਪੇਸ਼ਕਾਰੀ ਵਾਲੀਆਂ ਕਲਾਵਾਂ, ਖੇਡਾਂ, ਅਤੇ ਸੁਵਿਧਾਵਾਂ ਸਮੇਤ ਇਹੋ ਜਿਹੇ ਹੋਰ ਈਵੈਂਟਾਂ ਦੇ ਪ੍ਰੋਮੋਟਰ।
   - 711320: ਸੁਵਿਧਾਵਾਂ ਤੋਂ ਬਗੈਰ ਪੇਸ਼ਕਾਰੀ ਵਾਲੀਆਂ ਕਲਾਵਾਂ, ਖੇਡਾਂ, ਅਤੇ ਇਹੋ ਜਿਹੇ ਹੋਰ ਈਵੈਂਟਾਂ ਦੇ ਪ੍ਰੋਮੋਟਰ।
   - 722410: ਡ੍ਰਿੰਕ ਕਰਨ ਦੇ ਸਥਾਨ (ਅਲਕੋਹਲ ਵਾਲੇ ਪੀਣ-ਪਦਾਰਥ)।
   - 722511: ਸੰਪੂਰਨ-ਸਰਵਿਸ ਦੇਣ ਵਾਲੇ ਰੈਸਟੋਰੈਂਟ।

9. ਹੇਠ ਲਿਖਿਆਂ ਵਿੱਚੋਂ ਕੋਈ ਇੱਕ ਹੈ:
   - ਕੋਈ ਵਿਅਕਤੀ ਜਾਂ ਇਕਾਈ ਜੋ ਨਿਮਨਲਿਖਤ ਦੋਨੋਂ ਕਸੌਟੀਆਂ ਨੂੰ ਪੂਰਾ ਕਰਦੀ ਹੈ:
     - ਇੱਕ ਮੁੱਖ ਕਾਰੋਬਾਰੀ ਗਤੀਵਿਧੀ ਵਜੋਂ, ਲਾਈਵ ਸੰਗੀਤ-ਸੰਮੇਲਨਾਂ, ਕਾਮੇਡੀ ਸ਼ੋਆਂ, ਰੰਗਮੰਚ ਪੇਸ਼ਕਾਰੀਆਂ, ਜਾਂ ਪੇਸ਼ਕਾਰੀ ਕਰਨ ਵਾਲੇ ਕਲਾਕਾਰਾਂ ਦੁਆਰਾ ਹੋਰ ਈਵੈਂਟਾਂ ਨੂੰ ਕਿਸੇ ਯੋਗਤਾ ਪੂਰੀ ਕਰਨ ਵਾਲੇ ਸਥਾਨ ’ਤੇ ਆਯੋਜਿਤ ਕਰਦੀ ਹੈ, ਪ੍ਰਚਾਰ ਕਰਦੀ ਹੈ, ਨਿਰਮਿਤ ਕਰਦੀ ਹੈ, ਪ੍ਰਬੰਧਨ ਕਰਦੀ ਹੈ, ਜਾਂ ਮੇਜ਼ਬਾਨੀ ਕਰਦੀ ਹੈ ਜਿੱਥੇ ਨਿਮਨਲਿਖਤ ਦੋਨੋਂ ਚੀਜ਼ਾਂ ਵਾਪਰਦੀਆਂ ਹਨ:
       i. ਟਿਕਟਾਂ ਵੇਚਣ ਰਾਹੀਂ ਇੱਕ ਕਵਰ ਚਾਰਜ ਜਾਂ ਮੂਹਰਲੇ ਪ੍ਰਵੇਸ਼ ਦਰਵਾਜ਼ੇ ਰਾਹੀਂ ਫੀਸ ਲਈ ਜਾਂਦੀ ਹੈ ਅਤੇ
       ii. ਪੇਸ਼ਕਾਰੀ ਕਰਨ ਵਾਲਿਆਂ ਨੂੰ ਭੁਗਤਾਨ ਕੀਤਾ ਜਾਂਦਾ ਹੈ।
     - ਵਿਅਕਤੀ ਜਾਂ ਇਕਾਈ ਵੱਲੋਂ ਕਮਾਏ ਕੁੱਲ ਮਾਲੀਏ ਦਾ ਘੱਟੋ-ਘੱਟ 70 ਪ੍ਰਤੀਸ਼ਤ ਭਾਗ ਕਵਰ ਚਾਰਜਾਂ ਜਾਂ ਟਿਕਟਾਂ ਦੀਆਂ ਵਿਕਰੀਆਂ, ਨਿਰਮਾਣ ਦੀਆਂ ਫੀਸਾਂ ਜਾਂ ਨਿਰਮਾਣ ਦੀਆਂ ਭੁਗਤਾਨ-ਵਾਪਸੀਆਂ, ਜਾਂ ਈਵੈਂਟ ਵਾਸਤੇ ਪੀਣ-ਪਦਾਰਥਾਂ, ਭੋਜਨ, ਜਾਂ ਵਸਤੂਆਂ ਦੀ ਵਿਕਰੀ ਤੋਂ ਆਉਂਦਾ ਹੈ।

# ਪਰਿਭਾਸ਼ਾਵਾਂ: ਯੋਗ ਸੁਤੰਤਰ ਲਾਈਵ ਈਵੈਂਟ

- ਕੋਈ ਵਿਅਕਤੀ ਜਾਂ ਇਕਾਈ ਜੋ, ਪ੍ਰਮੁੱਖ ਕਾਰੋਬਾਰੀ ਗਤੀਵਿਧੀ ਵਜੋਂ, ਈਵੈਂਟਾਂ ਵਾਸਤੇ ਜਨਤਾ ਵੱਲੋਂ ਖਰੀਦੇ ਜਾਣ ਲਈ ਟਿਕਟਾਂ ਉਪਲਬਧ ਕਰਵਾਉਂਦੇ ਹਨ, ਜੋ ਈਵੈਂਟ ਦੀ ਤਾਰੀਖ਼ ਤੋਂ ਔਸਤਨ 30 ਦਿਨ ਤੋਂ ਘੱਟ ਦਿਨ ਪਹਿਲਾਂ ਨਾ ਹੋਵੇ, ਅਤੇ ਜੋ ਹੇਠਾਂ ਲਿਖੀਆਂ ਦੋਨੋਂ ਸ਼ਰਤਾਂ ਨੂੰ ਪੂਰਾ ਕਰਦੇ ਹੋਣ:
  - ਇੱਕ ਮੁੱਖ ਕਾਰੋਬਾਰੀ ਗਤੀਵਿਧੀ ਵਜੋਂ, ਲਾਈਵ ਸੰਗੀਤ-ਸੰਮੇਲਨਾਂ, ਕਾਮੇਡੀ ਸ਼ੋਆਂ, ਰੰਗਮੰਚ ਪੇਸ਼ਕਾਰੀਆਂ, ਜਾਂ ਪੇਸ਼ਕਾਰੀ ਕਰਨ ਵਾਲੇ ਕਲਾਕਾਰਾਂ ਦੁਆਰਾ ਹੋਰ ਈਵੈਂਟਾਂ ਨੂੰ ਕਿਸੇ ਯੋਗਤਾ ਪੂਰੀ ਕਰਨ ਵਾਲੇ ਸਥਾਨ ’ਤੇ ਆਯੋਜਿਤ ਕਰਦੀ ਹੈ, ਪ੍ਰਚਾਰ ਕਰਦੀ ਹੈ, ਨਿਰਮਿਤ ਕਰਦੀ ਹੈ, ਪ੍ਰਬੰਧਨ ਕਰਦੀ ਹੈ, ਜਾਂ ਮੇਜ਼ਬਾਨੀ ਕਰਦੀ ਹੈ ਜਿੱਥੇ ਨਿਮਨਲਿਖਤ ਦੋਨੋਂ ਚੀਜ਼ਾਂ ਵਾਪਰਦੀਆਂ ਹਨ:
    i. ਟਿਕਟਾਂ ਵੇਚਣ ਰਾਹੀਂ ਇੱਕ ਕਵਰ ਚਾਰਜ ਜਾਂ ਮੂਹਰਲੇ ਪ੍ਰਵੇਸ਼ ਦਰਵਾਜ਼ੇ ਰਾਹੀਂ ਫੀਸ ਲਈ ਜਾਂਦੀ ਹੈ ਅਤੇ
    ii. ਪੇਸ਼ਕਾਰੀ ਕਰਨ ਵਾਲਿਆਂ ਨੂੰ ਭੁਗਤਾਨ ਕੀਤਾ ਜਾਂਦਾ ਹੈ।
  - ਪੇਸ਼ਕਾਰੀ ਕਰਨ ਵਾਲਿਆਂ ਨੂੰ ਅਜਿਹੀ ਰਕਮ ਦਾ ਭੁਗਤਾਨ ਕੀਤਾ ਜਾਂਦਾ ਹੈ ਜੋ ਵਿਕਰੀਆਂ ਦੇ ਪ੍ਰਤੀਸ਼ਤ, ਲਿਖਤੀ ਰੂਪ ਵਿੱਚ ਕਿਸੇ ਗਰੰਟੀ ਜਾਂ ਮਿਆਰੀ ਇਕਰਾਰਨਾਮੇ, ਜਾਂ ਕਿਸੇ ਹੋਰ ਪਰਸਪਰ ਲਾਭਦਾਇਕ ਰਸਮੀ ਸਮਝੌਤੇ ’ਤੇ ਆਧਾਰਿਤ ਹੈ।

- ਕੋਈ ਵਿਅਕਤੀ ਜਾਂ ਇਕਾਈ ਜੋ ਨਿਮਨਲਿਖਤ ਦੋਨੋਂ ਕਸੌਟੀਆਂ ਨੂੰ ਪੂਰਾ ਕਰਦੀ ਹੈ:
  - ਇੱਕ ਮੁੱਖ ਕਾਰੋਬਾਰੀ ਗਤੀਵਿਧੀ ਵਜੋਂ, ਲਾਈਵ ਖੇਡਾਂ ਸੰਬੰਧੀ ਈਵੈਂਟਾਂ ਨੂੰ ਕਿਸੇ ਯੋਗਤਾ ਪੂਰੀ ਕਰਨ ਵਾਲੇ ਸਥਾਨ ’ਤੇ ਆਯੋਜਿਤ ਕਰਦੀ ਹੈ, ਪ੍ਰਚਾਰ ਕਰਦੀ ਹੈ, ਨਿਰਮਿਤ ਕਰਦੀ ਹੈ, ਪ੍ਰਬੰਧਨ ਕਰਦੀ ਹੈ, ਜਾਂ ਮੇਜ਼ਬਾਨੀ ਕਰਦੀ ਹੈ ਜਿੱਥੇ ਨਿਮਨਲਿਖਤ ਦੋਨੋਂ ਚੀਜ਼ਾਂ ਵਾਪਰਦੀਆਂ ਹਨ:
    i. ਟਿਕਟਾਂ ਵੇਚਣ ਰਾਹੀਂ ਇੱਕ ਕਵਰ ਚਾਰਜ ਜਾਂ ਮੂਹਰਲੇ ਪ੍ਰਵੇਸ਼ ਦਰਵਾਜ਼ੇ ਰਾਹੀਂ ਫੀਸ ਲਈ ਜਾਂਦੀ ਹੈ
    ii. ਪੇਸ਼ਕਾਰੀ ਕਰਨ ਵਾਲਿਆਂ ਨੂੰ ਭੁਗਤਾਨ ਕੀਤਾ ਜਾਂਦਾ ਹੈ।
  - ਵਿਅਕਤੀ ਜਾਂ ਇਕਾਈ ਵੱਲੋਂ ਕਮਾਏ ਕੁੱਲ ਮਾਲੀਏ ਦਾ ਘੱਟੋ-ਘੱਟ 70 ਪ੍ਰਤੀਸ਼ਤ ਭਾਗ ਕਵਰ ਚਾਰਜਾਂ ਜਾਂ ਟਿਕਟਾਂ ਦੀਆਂ ਵਿਕਰੀਆਂ, ਨਿਰਮਾਣ ਦੀਆਂ ਫੀਸਾਂ ਜਾਂ ਨਿਰਮਾਣ ਦੀਆਂ ਭੁਗਤਾਨ-ਵਾਪਸੀਆਂ, ਜਾਂ ਈਵੈਂਟ ਵਾਸਤੇ ਪੀਣ-ਪਦਾਰਥਾਂ, ਭੋਜਨ, ਜਾਂ ਵਸਤੂਆਂ ਦੀ ਵਿਕਰੀ ਤੋਂ ਆਉਂਦਾ ਹੈ।
  - ਵਿਅਕਤੀ ਜਾਂ ਇਕਾਈ ਕੋਈ ਵੱਡੀ ਲੀਗ ਜਾਂ ਪੇਸ਼ੇਵਰਾਨਾ ਖੇਡ ਟੀਮ ਜਾਂ ਕਲੱਬ ਨਹੀਂ ਹੈ **ਅਤੇ** ਕੋਈ ਵੱਡੀ ਲੀਗ ਜਾਂ ਪੇਸ਼ੇਵਰਾਨਾ ਖੇਡ ਟੀਮ ਜਾਂ ਕਲੱਬ ਉਸਦੀ ਮਲਕੀਅਤ ਨਹੀਂ ਰੱਖਦੀ।

# ਅਯੋਗ ਕਾਰੋਬਾਰ

ਪਿਛਲੇ ਚਾਰ ਪੰਨਿਆਂ ਦੇ ਬਾਵਜੂਦ, "ਯੋਗ ਸੁਤੰਤਰ ਲਾਈਵ ਈਵੈਂਟ" ਵਿੱਚ ਉਹ ਇਕਾਈਆਂ ਸ਼ਾਮਲ **ਨਹੀਂ ਹੋਣਗੀਆਂ** ਜੋ ਇਹਨਾਂ ਵਿੱਚੋਂ ਕਿਸੇ ਵੀ ਸ਼ਰਤ ਦੀ ਪੂਰਤੀ ਕਰਦੀਆਂ ਹਨ:

- ਇਕਾਈ ਕੋਈ ਕਾਰਪੋਰੇਸ਼ਨ ਹੈ ਜਿਸਦੇ ਸ਼ੇਅਰਾਂ ਦੀ ਜਨਤਕ ਤੌਰ 'ਤੇ ਖਰੀਦੋ-ਫਰੋਖਤ ਕੀਤੀ ਜਾਂਦੀ ਹੈ, ਜਾਂ ਜਨਤਕ ਤੌਰ 'ਤੇ ਸ਼ੇਅਰਾਂ ਦੀ ਖਰੀਦੋ-ਫਰੋਖਤ ਵਾਲੀ ਕੋਈ ਕਾਰਪੋਰੇਸ਼ਨ ਇਸ ਦੀ ਸਭ ਤੋਂ ਵੱਡੀ ਮਾਲਕ ਹੈ ਅਤੇ ਇਸ ਨੂੰ ਕੰਟਰੋਲ ਕਰਦੀ ਹੈ।

- ਇਹ ਇਕਾਈ ਪੰਜ ਤੋਂ ਵੱਧ ਪ੍ਰਾਂਤਾਂ ਜਾਂ ਕਿਸੇ ਹੋਰ ਦੇਸ਼ ਵਿੱਚ ਇਕਾਈਆਂ ਦੀ ਮਾਲਕੀ ਰੱਖਦੀ ਹੈ ਜਾਂ ਉਹਨਾਂ ਨੂੰ ਚਲਾਉਂਦੀ ਹੈ, ਜਾਂ ਇਸ ਇਕਾਈ ਦੀ ਮਾਲਕ ਇੱਕ ਅਜਿਹੀ ਇਕਾਈ ਹੈ ਜੋ ਪੰਜ ਤੋਂ ਵੱਧ ਪ੍ਰਾਂਤਾਂ ਜਾਂ ਕਿਸੇ ਹੋਰ ਦੇਸ਼ ਵਿੱਚ ਇਕਾਈਆਂ ਦੀ ਮਾਲਕੀ ਰੱਖਦੀ ਹੈ ਜਾਂ ਉਹਨਾਂ ਨੂੰ ਚਲਾਉਂਦੀ ਹੈ।

- ਇਕਾਈ ਆਪਣੇ ਕੁੱਲ ਕਮਾਏ ਜਾਂਦੇ ਮਾਲੀਆ ਦਾ 75% ਤੋਂ ਘੱਟ ਭਾਗ ਕੈਲੀਫੋਰਨੀਆ ਵਿੱਚ ਕਮਾਉਂਦੀ ਹੈ।

- 2020 ਦੇ Q2, Q3, ਅਤੇ Q4 ਦੀ 2019 ਦੇ Q2, Q3, ਅਤੇ Q4 ਨਾਲ ਤੁਲਨਾ ਕਰਦੇ ਹੋਏ ਇੱਕ ਰਿਪੋਰਟਿੰਗ ਮਿਆਦ ਦੇ ਆਧਾਰ 'ਤੇ, ਕੈਲੀਫੋਰਨੀਆ ਵਿੱਚ ਕੁੱਲ ਕਮਾਏ ਮਾਲੀਏ ਦੀ ਪ੍ਰਤੀਸ਼ਤ ਵਿੱਚ 70 ਪ੍ਰਤੀਸ਼ਤ ਤੋਂ ਘੱਟ ਦਾ ਨਿਘਾਰ ਦਿਖਾਉਂਦੀ ਹੈ।

- ਹੇਠਾਂ ਲਿਖੀਆਂ ਸ਼ਾਮਲ ਨਾ ਕੀਤੀਆਂ ਇਕਾਈਆਂ ਵਿੱਚੋਂ ਕੋਈ ਇੱਕ ਹੈ:
  i. ਉਹ ਕਾਰੋਬਾਰ ਜਿਨ੍ਹਾਂ ਦੀ ਪ੍ਰਾਂਤ ਵਿੱਚ ਭੌਤਿਕ ਮੌਜੂਦਗੀ ਨਹੀਂ ਹੈ ਅਤੇ ਨਾ ਹੀ ਪ੍ਰਾਂਤ ਵਿੱਚ ਉਸਦਾ ਹੈੱਡ ਕੁਆਟਰ ਹੈ।

  ii. ਗੈਰ-ਮੁਨਾਫਾ ਕਾਰੋਬਾਰ ਜੋ 501(c)(3), 501(c)(6) ਜਾਂ 501(c)(19) ਵਜੋਂ ਪੰਜੀਕਿਰਤ ਨਹੀਂ ਹਨ।

  iii. ਸਰਕਾਰੀ ਸੰਸਥਾਵਾਂ (ਜੱਦੀ ਅਮਰੀਕਨ ਕਬੀਲਿਆਂ ਤੋਂ ਇਲਾਵਾ) ਜਾਂ ਚੁਣੇ ਹੋਏ ਅਧਿਕਾਰਿਤ ਦਫਤਰ।

  iv. ਉਹ ਕਾਰੋਬਾਰ ਜੋ ਮੁੱਖ ਤੌਰ 'ਤੇ ਰਾਜਨੀਤਕ ਜਾਂ ਸਮਰਥਨ ਜੁਟਾਊ (lobbying) ਕਿਰਿਆਵਾਂ ਵਿੱਚ ਲੱਗੇ ਹੋਏ ਹਨ, ਚਾਹੇ ਇਕਾਈ 501(c)(3), 501(c)(6) ਜਾਂ 501(c)(19) ਵਜੋਂ ਪੰਜੀਕਰਤ ਹੈ ਜਾਂ ਨਹੀਂ।

  v. ਅਸਿੱਧੇ ਕਾਰੋਬਾਰ (passive businesses), ਨਿਵੇਸ਼ ਕੰਪਨੀਆਂ ਅਤੇ ਨਿਵੇਸ਼ਕ ਜੋ ਆਪਣੀਆਂ ਟੈਕਸ ਰਿਟਰਨਾਂ ਉੱਤੇ Schedule E ਫਾਇਲ ਕਰਦੇ ਹਨ।

# ਅਯੋਗ ਕਾਰੋਬਾਰ

vi. ਵਿੱਤੀ ਸੰਸਥਾਵਾਂ ਜਾਂ ਕਾਰੋਬਾਰ ਜੋ ਮੁੱਖ ਤੌਰ ’ਤੇ ਪੈਸੇ ਉਧਾਰ ਦੇਣ ਦੇ ਕਾਰੋਬਾਰ ਵਿੱਚ ਲੱਗੇ ਹੋਏ ਹਨ, ਜਿਵੇਂ ਕਿ ਬੈਂਕਾਂ, ਵਿੱਤੀ ਕੰਪਨੀਆਂ ਅਤੇ ਫੈਕਟਰਿੰਗ ਕੰਪਨੀਆਂ (factoring companies)।

vii. ਕਿਸੇ ਵੀ ਅਜਿਹੇ ਕਾਰੋਬਾਰ ਵਿੱਚ ਲੱਗੀਆਂ ਕੰਪਨੀਆਂ ਜੋ ਸੰਘੀ, ਪ੍ਰਾਂਤਕੀ ਜਾਂ ਸਥਾਨਕ ਕਨੂੰਨ ਦੇ ਤਹਿਤ ਗੈਰ-ਕਨੂੰਨੀ ਹੈ

viii. ਉਹ ਕਾਰੋਬਾਰ ਜੋ ਸਮਰੱਥਾ ਤੋਂ ਇਲਾਵਾ ਕਿਸੇ ਹੋਰ ਕਾਰਨ ਕਰਕੇ ਪ੍ਰਤੀਪਾਲਣ (patronage) ਨੂੰ ਸੀਮਤ ਕਰਦੇ ਹਨ

ix. ਕਿਆਸਕਾਰੀ ਕਾਰੋਬਾਰ।

x. ਅਜਿਹੇ ਕਾਰੋਬਾਰ ਜਿਨ੍ਹਾਂ ਦਾ ਕੋਈ ਵੀ ਮਾਲਕ ਇਸ ਵਿੱਚ 10 ਪ੍ਰਤੀਸ਼ਤ ਤੋਂ ਵੱਧ ਦੀ ਹਿੱਸੇਦਾਰੀ ਰੱਖਦਾ ਹੈ ਅਤੇ ਜੋ ਹੇਠ ਲਿਖੀਆਂ ਕਸੌਟੀਆਂ ਵਿੱਚੋਂ ਇੱਕ ਜਾਂ ਵਧੇਰੇ ਦੀ ਪੂਰਤੀ ਕਰਦਾ ਹੈ:

1. ਮਾਲਕ ਨੂੰ ਪਿਛਲੇ ਤਿੰਨ ਸਾਲਾਂ ਅੰਦਰ, ਕਿਸੇ ਸੰਘੀ, ਪ੍ਰਾਂਤਕੀ, ਜਾਂ ਸਥਾਨਕ ਸਰਕਾਰੀ ਲੈਣ-ਦੇਣ ਨੂੰ ਕਰਨ ਜਾਂ ਸਰਕਾਰੀ ਲੈਣ-ਦੇਣ ਤਹਿਤ ਕੋਈ ਠੇਕੇ ਵਾਲਾ ਕੰਮ ਹਾਸਲ ਕਰਨ, ਜਾਂ ਹਾਸਲ ਕਰਨ ਦੀ ਕੋਸ਼ਿਸ਼ ਕਰਨ ਦੇ ਸੰਬੰਧ ਵਿੱਚ ਧੋਖਾਧੜੀ ਕਰਨ ਜਾਂ ਅਪਰਾਧਕ ਜੁਰਮ ਕਰਨ ਵਾਸਤੇ; ਸੰਘੀ ਜਾਂ ਪ੍ਰਾਂਤਕੀ ਐਂਟੀ ਟਰੱਸਟ ਜਾਂ ਪ੍ਰੋਕਿਊਰਮੈਂਟ ਵਿਧਾਨਾਂ ਜਾਂ ਦੀ ਉਲੰਘਣਾ ਜਾਂ ਘਪਲੇਬਾਜ਼ੀ, ਚੋਰੀ, ਜਾਅਲਸਾਜ਼ੀ, ਰਿਸ਼ਵਤਖੋਰੀ, ਰਿਕਾਰਡਾਂ ਦੀ ਗੜਬੜੀ ਜਾਂ ਇਹਨਾਂ ਨੂੰ ਨਸ਼ਟ ਕਰਨ, ਝੂਠੇ ਬਿਆਨ ਦੇਣ, ਜਾਂ ਚੋਰੀ ਦੀ ਪ੍ਰਾਪਰਟੀ ਪ੍ਰਾਪਤ ਕਰਨ ਵਾਸਤੇ; ਦੋਸ਼ੀ ਠਹਿਰਾਇਆ ਜਾ ਚੁੱਕਾ ਹੈ ਜਾਂ ਅਜਿਹੇ ਮਾਲਕ ਦੇ ਖਿਲਾਫ ਸਿਵਲ ਫੈਸਲਾ ਦਿੱਤਾ ਜਾ ਚੁੱਕਾ ਹੈ, ਜਾਂ ਉਸਨੇ ਕਿਸੇ ਕਿਸਮ ਦੀ ਪੈਰੋਲ ਜਾਂ ਪ੍ਰੋਬੇਸ਼ਨ ਸ਼ੁਰੂ ਕੀਤੀ ਹੈ ਜਿਸ ਵਿੱਚ ਫੈਸਲੇ ਤੋਂ ਪਹਿਲਾਂ ਪ੍ਰੋਬੇਸ਼ਨ ਵੀ ਸ਼ਾਮਲ ਹੈ।
2. ਵਰਤਮਾਨ ਸਮੇਂ, ਮਾਲਕ ਉੱਤੇ ਉੱਪਰ ਦੱਸੇ ਗਏ ਅਪਰਾਧਾਂ ਵਿੱਚੋਂ ਕਿਸੇ ਨੂੰ ਵੀ ਕਰਨ ਵਾਸਤੇ ਜਿਊਰੀ ਵੱਲੋਂ ਦੋਸ਼ ਦਾਇਰ ਕੀਤੇ ਗਏ ਹਨ (indicted) ਜਾਂ ਕਿਸੇ ਹੋਰ ਤਰੀਕੇ ਨਾਲ ਕਿਸੇ ਸੰਘੀ, ਪ੍ਰਾਂਤਕੀ, ਜਾਂ ਸਥਾਨਕ ਸਰਕਾਰ ਵੱਲੋਂ ਅਪਰਾਧਕ ਜਾਂ ਸਿਵਲ ਜੁਰਮ ਵਾਸਤੇ ਦੋਸ਼ ਲਗਾਏ ਗਏ ਹਨ (charged)।

# ਅਯੋਗ ਕਾਰੋਬਾਰ

xi. ਸੰਘੀ ਅਧਿਨਿਯਮਾਂ ਦੇ ਕੋਡ ਦੇ ਸਿਰਲੇਖ 13 ਦੇ ਸੈਕਸ਼ਨ 121.103 ਵਿੱਚ ਪਰਿਭਾਸ਼ਿਤ ਸਹਿਭਾਗੀ ਕੰਪਨੀਆਂ

xii. ਕਾਮੁਕ ਜਿਨਸੀ ਪ੍ਰਵਿਰਤੀ ਵਾਲੇ ਕਾਰੋਬਾਰ, ਜਿਨ੍ਹਾਂ ਵਿੱਚ ਉਹ ਕਾਰੋਬਾਰ ਵੀ ਸ਼ਾਮਲ ਹਨ ਜੋ ਕਾਮੁਕ ਜਿਨਸੀ ਪ੍ਰਵਿਰਤੀ ਦੀਆਂ ਲਾਈਵ ਪੇਸ਼ਕਾਰੀਆਂ ਕਰਦੇ ਹਨ ਅਤੇ ਉਹ ਕਾਰੋਬਾਰ ਵੀ ਜੋ ਕਾਮੁਕ ਜਿਨਸੀ ਪ੍ਰਵਿਰਤੀ ਦੇ ਉਤਪਾਦਾਂ ਜਾਂ ਸੇਵਾਵਾਂ, ਜਾਂ ਕਿਸੇ ਵੀ ਚਿਤਰਣਾਂ ਜਾਂ ਵਿਖਾਲਿਆਂ ਦੀ ਵਿਕਰੀ ਰਾਹੀਂ ਮਾਮੂਲੀ (de minimis) ਨਾਲੋਂ ਜ਼ਿਆਦਾ ਮਾਲੀਆ ਸਿੱਧੇ ਜਾਂ ਅਸਿੱਧੇ ਤੌਰ ’ਤੇ ਕਮਾਉਂਦੇ ਹਨ

xiii. ਕਿਸੇ ਵੀ ਸਮਾਜਕ ਤੌਰ ’ਤੇ ਅਣਇੱਛਤ ਕਿਰਿਆ ਜਾਂ ਅਜਿਹੀ ਕਿਰਿਆ ਵਿੱਚ ਲੱਗੇ ਹੋਏ ਕਾਰੋਬਾਰ ਜਿਸਨੂੰ ਲੋਟੂ ਪ੍ਰਵਿਰਤੀ ਦਾ ਮੰਨਿਆ ਜਾ ਸਕਦਾ ਹੈ ਜਿਵੇਂ ਕਿ ‘ਰੈਂਟ-ਟੂ-ਆਊਨ’ (rent-to-own) ਕਾਰੋਬਾਰ ਅਤੇ ਚੈੱਕ ਕੈਸ਼ ਕਰਵਾਉਣ ਵਾਲੇ ਕਾਰੋਬਾਰ

xiv. ਗਿਰਜਾਘਰ ਅਤੇ ਹੋਰ ਧਾਰਮਿਕ ਸੰਸਥਾਵਾਂ (ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕੀ ਅਜਿਹੀਆਂ ਸੰਸਥਾਵਾਂ 501(c)(3), 501(c)(6) ਜਾਂ 501(c)(19) ਵਜੋਂ ਯੋਗਤਾ ਪੂਰੀ ਕਰਦੀਆਂ ਹਨ ਜਾਂ ਨਹੀਂ) , ਸਿਵਾਏ ਕਿਸੇ ਸਕੂਲ, ਬਾਲ ਸੰਭਾਲ ਕੇਂਦਰ, ਜਾਂ ਨਾਲ ਜੁੜੇ ਹੋਰ ਵਿਦਿਅਕ ਕਾਰੋਬਾਰ ਦੇ ਜਿੱਥੇ (i) ਕੁੱਲ ਸਾਲਾਨਾ ਮਾਲੀਏ ਦਾ 50% ਤੋਂ ਵੱਧ ਭਾਗ ਸਕੂਲ, ਬਾਲ ਸੰਭਾਲ ਜਾਂ ਵਿਦਿਅਕ ਕਾਰੋਬਾਰ ਤੋਂ ਆਉਂਦਾ ਹੈ ਅਤੇ (ii) ਗ੍ਰਾਂਟ ਨੂੰ ਸਿਰਫ਼ ਉਹਨਾਂ ਯੋਗਤਾ ਪੂਰੀ ਕਰਨ ਵਾਲੀਆਂ ਲਾਗਤਾਂ ਅਤੇ ਖ਼ਰਚਿਆਂ ਲਈ ਵਰਤਿਆ ਜਾਵੇਗਾ ਜੋ ਸਕੂਲ, ਬਾਲ ਸੰਭਾਲ, ਜਾਂ ਹੋਰ ਵਿਦਿਅਕ ਕਾਰੋਬਾਰ ਨਾਲ ਸਿੱਧੇ ਤੌਰ ’ਤੇ ਜੁੜੇ ਹੋਏ ਹਨ, ਅਤੇ ਗ੍ਰਾਂਟ ਦੇ ਕਿਸੇ ਵੀ ਭਾਗ ਨੂੰ ਕਿਸੇ ਵੀ ਸਾਧਾਰਨ ਲਾਭ ਜਾਂ ਗਿਰਜਾਘਰ ਜਾਂ ਹੋਰ ਧਾਰਮਿਕ ਸੰਸਥਾ ਦੇ ਚਾਲੂ ਖ਼ਰਚਿਆਂ ਵਾਸਤੇ ਨਹੀਂ ਵਰਤਿਆ ਜਾਵੇਗਾ

ਇੱਕ ਤੋਂ ਵਧੇਰੇ ਕਾਰੋਬਾਰੀ ਸੰਸਥਾਵਾਂ, ਫ੍ਰੈਂਚਾਈਜੀਆਂ, ਟਿਕਾਣਿਆਂ, ਸਹਿਭਾਗੀ ਸੰਸਥਾਵਾਂ (affiliations) ਆਦਿ ਦੇ ਮਾਲਕ ਇੱਕ ਤੋਂ ਵਧੇਰੇ ਗ੍ਰਾਂਟਾਂ ਲਈ ਯੋਗ **ਨਹੀਂ** ਹਨ ਅਤੇ ਉਹਨਾਂ ਨੂੰ ਸਭ ਤੋਂ ਵੱਧ ਮਾਲੀਏ ਵਾਲੇ ਯੋਗ ਸੁਤੰਤਰ ਲਾਈਵ ਈਵੈਂਟ ਸਥਾਨ ਦੀ ਵਰਤੋਂ ਕਰਦੇ ਹੋਏ ਸਿਰਫ਼ **ਇੱਕ ਵਾਰ** ਅਰਜ਼ੀ ਦੇਣ ਦੀ ਆਗਿਆ ਹੈ

# ਫ਼ੰਡਾਂ ਦੇ ਯੋਗ ਉਪਯੋਗ

ਇਸ ਸੈਕਸ਼ਨ ਤਹਿਤ ਦਿੱਤੀ ਗਈ ਗ੍ਰਾਂਟ ਦੇ ਪੈਸੇ ਸਿਰਫ਼ COVID-19 ਮਹਾਂਮਾਰੀ ਦੇ ਨਤੀਜੇ ਵਜੋਂ ਉਪਜਣ ਵਾਲੀਆਂ ਲਾਗਤਾਂ ਵਾਸਤੇ ਅਤੇ ਸੰਬੰਧਿਤ ਸਿਹਤ ਅਤੇ ਸੁਰੱਖਿਆ ਪਾਬੰਦੀਆਂ ਵਾਸਤੇ, ਜਾਂ COVID-19 ਮਹਾਂਮਾਰੀ ਦੇ ਸਿੱਟੇ ਵਜੋਂ ਕਾਰੋਬਾਰ ਵਿੱਚ ਪਏ ਵਿਘਨਾ ਜਾਂ ਕਾਰੋਬਾਰ ਬੰਦ ਹੋ ਜਾਣ ਵਾਸਤੇ ਵਰਤੇ ਜਾਣਗੇ, ਜਿਨ੍ਹਾਂ ਵਿੱਚ ਨਿਮਨਲਿਖਤ ਵੀ ਸ਼ਾਮਲ ਹਨ:

- ਕਰਮਚਾਰੀਆਂ ਦੇ ਖ਼ਰਚੇ ਜਿਨ੍ਹਾਂ ਵਿੱਚ ਪੇਰੋਲ ਲਾਗਤਾਂ, ਸਿਹਤ ਸੰਭਾਲ ਸੰਬੰਧੀ ਲਾਭ, ਤਨਖਾਹ ਸਮੇਤ ਬਿਮਾਰੀ ਦੀ, ਡਾਕਟਰੀ, ਜਾਂ ਪਰਿਵਾਰਕ ਛੁੱਟੀ, ਅਤੇ ਬੀਮੇ ਦੇ ਪ੍ਰੀਮੀਅਮ ਸ਼ਾਮਲ ਹਨ।
- ਕਾਰਜਸ਼ੀਲ ਪੂੰਜੀ ਅਤੇ ਚਾਲੂ ਖ਼ਰਚੇ, ਜਿਨ੍ਹਾਂ ਵਿੱਚ ਕਿਰਾਇਆ, ਜ਼ਰੂਰੀ ਸੁਵਿਧਾਵਾਂ, ਮਾਰਗੇਜ ਦੇ ਮੂਲਧਨ ਅਤੇ ਵਿਆਜ਼ ਦੇ ਭੁਗਤਾਨ, ਪਰ ਮਾਰਗੇਜ ਦੇ ਪੂਰਵ-ਭੁਗਤਾਨ ਸ਼ਾਮਲ ਨਹੀਂ ਹਨ, ਅਤੇ ਕਰਜ਼ੇ ਦੀਆਂ ਦੇਣਦਾਰੀਆਂ ਸ਼ਾਮਲ ਹਨ, ਸਮੇਤ ਮੂਲਧਨ, ਅਤੇ ਵਿਆਜ਼ ਦੇ, ਜਿਨ੍ਹਾਂ ਦਾ ਖ਼ਰਚਾ 1 ਮਾਰਚ, 2020 ਤੋਂ ਪਹਿਲਾਂ ਹੋਇਆ ਹੋਵੇ।
- ਪ੍ਰਾਂਤ ਵੱਲੋਂ ਲਾਜ਼ਮੀ ਬਣਾਏ ਗਏ COVID-19 ਸੰਬੰਧੀ ਸਿਹਤ ਅਤੇ ਸੁਰੱਖਿਆ ਪ੍ਰਤੀਬੰਧਾਂ ਕਰਕੇ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ ’ਤੇ ਬੰਦ ਹੋ ਗਏ ਕਾਰੋਬਾਰਾਂ ਨੂੰ ਮੁੜ-ਖੋਲ੍ਹਣ, ਅਤੇ ਕਾਰੋਬਾਰਾਂ ਦੇ ਬੰਦ ਹੋ ਜਾਣ ਨਾਲ ਜੁੜੀਆਂ ਲਾਗਤਾਂ।
- ਲੋੜੀਂਦੇ ਸੁਰੱਖਿਆ ਪ੍ਰੋਟੋਕੋਲਾਂ ਨਾਲ ਕਾਰੋਬਾਰ ਮੁੜ-ਖੋਲ੍ਹਣ ਵਾਸਤੇ COVID-19 ਨਾਲ ਸੰਬੰਧਿਤ ਸੰਘੀ, ਪ੍ਰਾਂਤਕੀ ਜਾਂ ਸਥਾਨਕ ਦਿਸ਼ਾ-ਨਿਰਦੇਸ਼ਾਂ ਦੀ ਤਾਮੀਲ ਕਰਨ ਨਾਲ ਜੁੜੀਆਂ ਲਾਗਤਾਂ, ਜਿਨ੍ਹਾਂ ਵਿੱਚ ਉਪਕਰਨ, ਪਲੈਕਸੀਗਲਾਸ ਬੈਰੀਅਰ, ਆਊਟਡੋਰ ਡਾਈਨਿੰਗ, ਨਿੱਜੀ ਰੱਖਿਆਤਮਕ ਸਾਜ਼ੋ-ਸਮਾਨ (PPE) ਦੀਆਂ ਸਪਲਾਈਆਂ, ਟੈਸਟਿੰਗ, ਅਤੇ ਕਰਮਚਾਰੀਆਂ ਦੀ ਸਿਖਲਾਈ ਦੇ ਖ਼ਰਚੇ ਸ਼ਾਮਲ ਹਨ ਪਰ ਸੂਚੀ ਏਥੋਂ ਤੱਕ ਸੀਮਤ ਨਹੀਂ ਹੈ।
- COVID-19 ਨਾਲ ਸੰਬੰਧਿਤ ਕੋਈ ਵੀ ਹੋਰ ਖ਼ਰਚੇ ਜਿਨ੍ਹਾਂ ਨੂੰ ਪਹਿਲਾਂ ਹੀ ਗ੍ਰਾਂਟਾਂ, ਮਾਫੀਯੋਗ ਕਰਜ਼ਿਆਂ ਜਾਂ ਸੰਘੀ, ਪ੍ਰਾਂਤਕੀ, ਕਾਊਂਟੀ ਜਾਂ ਸਿਟੀ ਦੇ ਪ੍ਰੋਗਰਾਮਾਂ ਰਾਹੀਂ ਕਵਰ ਨਹੀਂ ਕੀਤਾ ਗਿਆ।
- COVID-19 ਨਾਲ ਸੰਬੰਧਿਤ ਹੋਰ ਲਾਗਤਾਂ ਜੋ ਮੈਡਿਕਏਡ ਦੇ ਪ੍ਰਾਂਤ ਦੇ ਹਿੱਸੇ ਵਾਸਤੇ ਮਨੁੱਖੀ ਸਰੋਤਾਂ ਦੇ ਖ਼ਰਚੇ, ਕਰਮਚਾਰੀ ਬੋਨਸ, ਨੌਕਰੀ ਤਿਆਗਣ ਦੀ ਤਨਖਾਹ (severance pay), ਟੈਕਸ, ਕਨੂੰਨੀ ਰਾਜ਼ੀਨਾਮੇ, ਨਿੱਜੀ ਖ਼ਰਚੇ ਨਹੀਂ ਹਨ ਜਾਂ COVID-19 ਦੇ ਅਸਰਾਂ, ਬੀਮੇ ਦੁਆਰਾ ਪਹਿਲਾਂ ਹੀ ਕਵਰ ਕੀਤੇ ਗਏ ਨੁਕਸਾਨਾਂ ਦੀਆਂ ਭਰਪਾਈਆਂ, ਜਾਂ ਦਾਨ ਕੀਤੀਆਂ ਚੀਜ਼ਾਂ ਜਾਂ ਸੇਵਾਵਾਂ ਵਾਸਤੇ ਦਾਨੀਆਂ ਨੂੰ ਭੁਗਤਾਨ-ਵਾਪਸੀ ਨਾਲ ਗੈਰ-ਸੰਬੰਧਿਤ ਹੋਰ ਖ਼ਰਚੇ ਨਹੀਂ ਹਨ।

# ਪ੍ਰੋਗਰਾਮ ਦੀਆਂ ਤਰਜੀਹਾਂ

ਯੋਗ ਸੁਤੰਤਰ ਲਾਈਵ ਈਵੈਂਟਾਂ ਵਾਸਤੇ ਗ੍ਰਾਂਟਾਂ ਦਾ ਦਸਤਾਵੇਜ਼ਬੱਧ ਪ੍ਰਤੀਸ਼ਤ ਕੁੱਲ ਕਮਾਏ ਮਾਲੀਏ ਵਿੱਚ ਆਏ ਨਿਘਾਰਾਂ ਅਨੁਸਾਰ ਤਰਜੀਹੀਕਰਨ ਕੀਤਾ ਜਾਵੇਗਾ ਜੋ ਇੱਕ ਰਿਪੋਰਟਿੰਗ ਮਿਆਦ ’ਤੇ ਆਧਾਰਿਤ ਹੋਵੇਗਾ ਜਿਸ ਵਿੱਚ 2020 ਦੇ Q2, Q3, **ਅਤੇ** Q4 ਵਿੱਚ ਕੈਲੀਫੋਰਨੀਆ ਦੇ ਕੁੱਲ ਕਮਾਏ ਮਾਲੀਏ **ਅਤੇ** 2019 ਦੇ Q2, Q3, **ਅਤੇ** Q4 ਲਈ ਕੈਲੀਫੋਰਨੀਆ ਦੇ ਕੁੱਲ ਕਮਾਏ ਮਾਲੀਆ ਦੀ ਤੁਲਨਾ ਕੀਤੀ ਜਾਵੇਗੀ।

# ਲੋੜੀਂਦੇ ਦਸਤਾਵੇਜ਼

ਹੇਠ ਲਿਖੇ ਸਾਰੇ ਦਸਤਾਵੇਜ਼ ਲੋੜੀਂਦੇ ਹਨ ਅਤੇ ਇਹਨਾਂ ਨੂੰ ਪੋਰਟਲ ਉੱਤੇ ਅੱਪਲੋਡ ਕਰਨਾ ਲਾਜ਼ਮੀ ਹੈ:

1. **ਅਰਜ਼ੀ ਪ੍ਰਮਾਣੀਕਰਨ (PDF)**
   ਨੂੰ ਭਰਿਆ ਹੋਵੇ ਅਤੇ ਵੈੱਬ ਅਰਜ਼ੀ ਅਤੇ ਸਮਰਥਨ ਕਰਦੇ ਦਸਤਾਵੇਜ਼ਾਂ ਵਿੱਚ ਤੁਹਾਡੇ ਵੱਲੋਂ ਪ੍ਰਦਾਨ ਕੀਤੀ ਗਈ ਜਾਣਕਾਰੀ ਦੀ ਸੱਚਾਈ ਅਤੇ ਸਟੀਕਤਾ ਦੀ ਸਵੈ-ਤਸਦੀਕ ਕਰਨ ਲਈ ਇਸ ਉੱਤੇ ਦਸਤਖਤ ਕੀਤੇ ਜਾਂਦੇ ਹਨ।

2. **ਕਾਰੋਬਾਰ ਦੇ ਵਿੱਤੀ ਵੇਰਵੇ (PDF)**
   - ਕਾਰੋਬਾਰ ਦੀਆਂ 2019 ਲਈ ਸੰਘੀ ਟੈਕਸ ਰਿਟਰਨਾਂ ਦੇ ਸਾਰੇ ਪੰਨੇ
   - ਕਾਰੋਬਾਰ ਦੀਆਂ 2019 ਲਈ ਕੈਲੀਫੋਰਨੀਆ ਟੈਕਸ ਰਿਟਰਨਾਂ ਦੇ ਸਾਰੇ ਪੰਨੇ
   - ਕਾਰੋਬਾਰ ਦੀਆਂ 2020 ਲਈ ਸੰਘੀ ਟੈਕਸ ਰਿਟਰਨਾਂ ਦੇ ਸਾਰੇ ਪੰਨੇ
   - ਕਾਰੋਬਾਰ ਦੀਆਂ 2020 ਲਈ ਕੈਲੀਫੋਰਨੀਆ ਟੈਕਸ ਰਿਟਰਨਾਂ ਦੇ ਸਾਰੇ ਪੰਨੇ

3. **ਸਰਕਾਰ ਵੱਲੋਂ ਜਾਰੀ ਪਛਾਣ-ਪੱਤਰ ਯਾਨੀ ID (PDF ਜਾਂ JPEG)**
   ਡਰਾਈਵਰ ਦਾ ਲਾਇਸੰਸ ਜਾਂ ਪਾਸਪੋਰਡ (ਮਿਆਦ ਪੁੱਗ ਚੁੱਕੇ ਪਛਾਣ-ਪੱਤਰ ਸਵੀਕਾਰ ਨਹੀਂ ਕੀਤੇ ਜਾਣਗੇ)

4. **ਅੰਤਰਿਮ ਵਿੱਤੀ ਸਟੇਟਮੈਂਟਾਂ (PDF)**
   - 2019 ਲਈ Q2, Q3 ਅਤੇ Q4 ਨੂੰ ਕਵਰ ਕਰਦੀਆਂ ਅੰਤਰਿਮ ਵਿੱਤੀ ਸਟੇਟਮੈਂਟਾਂ
   - 2020 ਲਈ Q2, Q3 ਅਤੇ Q4 ਨੂੰ ਕਵਰ ਕਰਦੀਆਂ ਅੰਤਰਿਮ ਵਿੱਤੀ ਸਟੇਟਮੈਂਟਾਂ

5. **ਤੁਹਾਡੇ ਕਾਰੋਬਾਰ ਵਾਸਤੇ ਕੈਲੀਫੋਰਨੀਆ ਸੈਕਰੇਟਰੀ ਆਫ ਸਟੇਟ ਕੋਲ ਜਾਂ ਸਥਾਨਕ ਨਗਰਪਾਲਿਕਾ ਕੋਲ, ਜੋ ਵੀ ਲਾਗੂ ਹੁੰਦੇ ਹੋਵੇ, ਅਧਿਕਾਰਿਤ ਤੌਰ 'ਤੇ ਦਾਇਰ ਦਸਤਾਵੇਜ਼** (ਜੋ ਲਾਜ਼ਮੀ ਤੌਰ 'ਤੇ ਕਿਰਿਆਸ਼ੀਲ ਹੋਣ), ਜਿਵੇਂ ਕਿ ਇਹਨਾਂ ਵਿੱਚੋਂ ਕੋਈ ਇੱਕ **(PDF)**:
   - ਆਰਟੀਕਲਜ਼ ਆਫ ਇਨਕਾਰਪੋਰੇਸ਼ਨ (Articles of Incorporation)
   - ਸੰਗਠਨ ਦਾ ਸਰਟੀਫਿਕੇਟ (Certificate of Organization)
   - ਪੰਜੀਕਰਨ ਦਾ ਕਲਪਿਤ ਨਾਮ (Fictitious Name of Registration)
   - ਸਰਕਾਰ ਵੱਲੋਂ ਜਾਰੀ ਕਾਰੋਬਾਰੀ ਲਾਇਸੰਸ (ਬਿਨਾਂ ਕਲਪਿਤ ਨਾਮ ਵਾਲੇ ਇੱਕੱਲੀ ਮਲਕੀਅਤ ਵਾਲੇ ਵਿਅਕਤੀ)

6. **ਸਿਰਫ਼ ਗੈਰ-ਮੁਨਾਫਾ ਸੰਗਠਨਾਂ ਵਾਸਤੇ: ਸਭ ਤੋਂ ਤਾਜ਼ਾ IRS ਟੈਕਸ ਛੋਟ ਪੱਤਰ (PDF)**

7. **ਨੋਟ: ਕੈਲੀਫੋਰਨੀਆ ਸੈਕਰੇਟਰੀ ਆਫ ਸਟੇਟ ਕੋਲ ਦਾਇਰ ਦਸਤਾਵੇਜ਼ ਪ੍ਰਦਾਨ ਕਰਾਉਣੇ ਲਾਜ਼ਮੀ ਹਨ ਜੋ ਇਸ ਗੱਲ ਦਾ ਸਬੂਤ ਦਿੰਦੇ ਹੋਣ ਕਿ ਕਾਰੋਬਾਰ 1 ਜੂਨ, 2019 ਤੋਂ ਪਹਿਲਾਂ ਕੈਲੀਫੋਰਨੀਆ ਪ੍ਰਾਂਤ ਵਿੱਚ ਕਾਰੋਬਾਰ ਚਲਾ ਰਿਹਾ ਸੀ।**

# ਅਰਜ਼ੀ ਪ੍ਰਮਾਣੀਕਰਨ ਨੂੰ ਅਰਜ਼ੀ ਪ੍ਰਮਾਣੀਕਰਨ

# ਅਰਜ਼ੀ ਪ੍ਰਮਾਣੀਕਰਨ

ਅਰਜ਼ੀ ਪ੍ਰਕਿਰਿਆ ਦੇ ਭਾਗ ਵਜੋਂ, ਤੁਹਾਡੇ ਕੋਲੋਂ ਲੋੜਿਆ ਜਾਵੇਗਾ ਕਿ ਤੁਸੀਂ ਇੱਕ ਅਰਜ਼ੀ ਪ੍ਰਮਾਣੀਕਰਨ ’ਤੇ ਦਸਤਖਤ ਕਰਕੇ ਵੈੱਬ ਅਰਜ਼ੀ ਅਤੇ ਸਮਰਥਨ ਕਰਦੇ ਦਸਤਾਵੇਜ਼ਾਂ ਵਿੱਚ ਤੁਹਾਡੇ ਵੱਲੋਂ ਪ੍ਰਦਾਨ ਕੀਤੀ ਗਈ ਜਾਣਕਾਰੀ ਦੀ ਸੱਚਾਈ ਅਤੇ ਸਟੀਕਤਾ ਦੀ ਸਵੈ-ਤਸਦੀਕ ਕਰੋ।

ਅਰਜ਼ੀ ਪ੍ਰਮਾਣੀਕਰਨ ਤੁਹਾਡੇ ਡਾਊਨਲੋਡ ਕਰਨ ਅਤੇ ਪੂਰਾ ਕਰਨ ਲਈ ਇਲੈਕਟ੍ਰਾਨਿਕ ਰੂਪ ਵਿੱਚ ਉਪਲਬਧ ਹੋਵੇਗੀ। ਇੱਕ ਦਸਤਖਤ ਕੀਤਾ ਅਰਜ਼ੀ ਪ੍ਰਮਾਣੀਕਰਨ ਇਸ ਗ੍ਰਾਂਟ ਪ੍ਰਕਿਰਿਆ ਵਿੱਚ ਇੱਕ ਲੋੜੀਂਦਾ ਦਸਤਾਵੇਜ਼ ਹੈ ਅਤੇ ਇਸ ਨੂੰ ਪੋਰਟਲ ਉੱਤੇ ਅੱਪਲੋਡ ਕਰਨ ਦੀ ਲੋੜ ਹੋਵੇਗੀ।

ਤੁਸੀਂ ਅਰਜ਼ੀ ਪ੍ਰਮਾਣੀਕਰਨ ਨੂੰ ਦੋ ਤਰੀਕਿਆਂ ਨਾਲ ਪੂਰਾ ਕਰ ਸਕਦੇ ਹੋ:

1. ਪ੍ਰਮਾਣੀਕਰਨ ਨੂੰ ਡਾਊਨਲੋਡ ਕਰੋ ਅਤੇ ਇਲੈਕਟ੍ਰਾਨਿਕ ਤਰੀਕੇ ਨਾਲ ਦਸਤਖਤ ਕਰੋ ਜਾਂ
2. ਫਾਰਮ ਨੂੰ ਪ੍ਰਿੰਟ ਕਰੋ ਅਤੇ ਹੱਥ ਨਾਲ ਭਰੋ।

**ਮੁਨਾਫੇ ਲਈ ਕੰਮ ਕਰਦੇ** ਬਿਨੈਕਾਰ ਦਾ ਪ੍ਰਮਾਣੀਕਰਨ


**ਡਾਊਨਲੋਡ ਕਰਨ ਲਈ ਏਥੇ ਕਲਿੱਕ ਕਰੋ**

**ਗੈਰ-ਮੁਨਾਫਾ** ਬਿਨੈਕਾਰ ਦਾ ਪ੍ਰਮਾਣੀਕਰਨ

**ਡਾਊਨਲੋਡ ਕਰਨ ਲਈ ਏਥੇ ਕਲਿੱਕ ਕਰੋ**

# ਅਰਜ਼ੀ ਪ੍ਰਮਾਣੀਕਰਨ


## ਮੁਨਾਫੇ ਲਈ ਕੰਮ ਕਰਦਾ ਕਾਰੋਬਾਰ



CALIFORNIA VENUES GRANT PROGRAM

For-Profit Applicant Certifications

## ਗੈਰ-ਮੁਨਾਫਾ ਸੰਸਥਾ




CALIFORNIA VENUES GRANT PROGRAM

Nonprofit Applicant Certifications


# ਫਾਰਮ ਨੂੰ ਇਲੈਕਟਰਾਨਿਕ ਤਰੀਕੇ ਨਾਲ ਕਿਵੇਂ ਭਰਨਾ ਹੈ

## ਕਦਮ 1

ਅਰਜ਼ੀ ਪ੍ਰਮਾਣੀਕਰਨ ਨੂੰ ਡਾਊਨਲੋਡ ਕਰਨ ਅਤੇ ਆਪਣੀ ਡੀਵਾਈਸ ਉੱਤੇ ਰੱਖਿਅਤ ਕਰਨ ਲਈ ਡਾਊਨਲੋਡ ⬇ ਚਿੰਨ੍ਹ ਉੱਤੇ ਕਲਿੱਕ ਕਰੋ।




1 ਡਾਊਨਲੋਡ ਕਰੋ।




2 ਰੱਖਿਅਤ ਕਰੋ।


## ਕਦਮ 2

ਆਪਣੀ ਡੀਵਾਈਸ ਉੱਤੇ ਅਰਜ਼ੀ ਪ੍ਰਮਾਣੀਕਰਨ ਲੱਭੋ ਅਤੇ ਉਥੋਂ ਫਾਈਲ ਨੂੰ ਖੋਲ੍ਹੋ। ਤੁਹਾਡਾ ਅਰਜ਼ੀ ਪ੍ਰਮਾਣੀਕਰਨ ਇੱਕ PDF ਫਾਈਲ ਵਜੋਂ ਖੁੱਲ੍ਹੇਗਾ।




## ਕਦਮ 3

ਸਾਰੀਆਂ ਸੰਖਿਆਬੱਧ ਆਈਟਮਾਂ ਦੇ ਅੱਗੇ ਆਪਣੇ ਨਾਮ ਦੇ ਪਹਿਲੇ ਅੱਖਰ ਭਰਕੇ ਅਤੇ ਫੇਰ ਆਖਰੀ ਪੰਨੇ ਉੱਤੇ ਆਪਣੇ ਦਸਤਖਤ ਅਤੇ ਕਾਰੋਬਾਰੀ ਜਾਣਕਾਰੀ ਦਾਖਲ ਕਰਕੇ ਅਰਜ਼ੀ ਪ੍ਰਮਾਣੀਕਰਨ ਨੂੰ ਪੂਰਾ ਕਰੋ।



## ਕਦਮ 4

ਅਰਜ਼ੀ ਪ੍ਰਮਾਣੀਕਰਨ ਨੂੰ ਭਰਨ ਦੇ ਬਾਅਦ, File > Save ਮੀਨੂ ’ਤੇ ਜਾਕੇ ਜਾਂ ਫਿਰ ਆਪਣੇ ਕੀ-ਬੋਰਡ ’ਤੇ CTRL+S ਦਬਾਕੇ ਇਸਨੂੰ ਦੁਬਾਰਾ ਰੱਖਿਅਤ ਕਰੋ ਤਾਂ ਜੋ ਪੂਰੀ ਤਰ੍ਹਾਂ ਨੇਪਰੇ ਚਾੜ੍ਹੇ ਅਰਜ਼ੀ ਪ੍ਰਮਾਣੀਕਰਨ ਨੂੰ ਰੱਖਿਅਤ ਕੀਤਾ ਜਾ ਸਕੇ।


## ਕਦਮ 5

ਅਰਜ਼ੀ ਪ੍ਰਕਿਰਿਆ ਦੌਰਾਨ ਪੋਰਟਲ ਵਿੱਚ ਭਰੇ ਹੋਏ ਅਰਜ਼ੀ ਪ੍ਰਮਾਣੀਕਰਨ ਨੂੰ ਅੱਪਲੋਡ ਕਰੋ।

# ਫਾਰਮ ਨੂੰ ਹੱਥ ਨਾਲ ਕਿਵੇਂ ਭਰਨਾ ਹੈ

## ਕਦਮ 1

ਪ੍ਰਿੰਟਰ ਦੇ ਚਿੰਨ੍ਹ 🖨 ਉੱਤੇ ਕਲਿੱਕ ਕਰਨ ਦੁਆਰਾ ਅਰਜ਼ੀ ਪ੍ਰਮਾਣੀਕਰਨ ਨੂੰ ਪ੍ਰਿੰਟ ਕਰੋ।




CALIFORNIA SMALL BUSINESS COVID-19 RELIEF GRANT PROGRAM

**Applicant Certifications**

In connection with the California Small Business COVID-19 Relief Grant Program (the "Program") funded by the State of California (the "State") and administered by the California Office of the Small Business Advocate ("CalOSBA") within the Governor's Office of Business and Economic Development ("GO-Biz") the undersigned, constituting an authorized representative of the below-referenced applicant business (the "Applicant"), acknowledges and agrees, on behalf of the Applicant, that the State, CalOSBA, GO-Biz and B.S.D. Capital, Inc. dba Lendistry ("Lendistry"), as the designated intermediary of the Program, each may rely on the below certifications in determining the Applicant's eligibility for the Program and receipt of a grant under the Program.

The undersigned further acknowledges and agrees that if (i) any of the following certifications are untrue, (ii) the Applicant knowingly makes any false or misleading statement or material omission in the information or materials required or requested from the Applicant, or (iii) the Applicant uses any grant funds for any unauthorized purpose, the State, CalOSBA, GO-Biz and/or Lendistry may require the Applicant to repay such grant funds or take any other legal or equitable recourse available, including, without limitation, by seeking remedies for fraud.

**By executing this document, the Applicant hereby certifies to all of the following (please initial next to each of the certifications below):**

___ 1. The undersigned signatory is a duly authorized representative and owner of the Applicant and has full authority to make the certifications referenced herein on the Applicant's behalf.

___ 2. The Applicant is currently an active business operating since at least June 1, 2019. The Applicant is currently operating or has a clear plan to re-open once the State of California permits re-opening of the business. The Applicant acknowledges and agrees that if the Applicant receives a grant and the Applicant's business ceases to operate, the Applicant may be subject to return of all or any portion of such grant.

___ 3. The Applicant has a principal office in the State of California and, subject to the certification made in (2), above, is presently operating in the State of California.

___ 4. The Applicant's business has been adversely impacted by COVID-19 and the health and safety restrictions have resulted in business interruptions, business closures, or similar impacts incurred as a

## ਕਦਮ 2

ਅਰਜ਼ੀ ਪ੍ਰਮਾਣੀਕਰਨ ਨੂੰ ਇੱਕ ਗੂੜ੍ਹੀ ਸਿਆਹੀ ਵਾਲੇ ਪੈੱਨ ਅਤੇ ਪੜ੍ਹਨਯੋਗ ਲਿਖਾਈ ਨਾਲ ਭਰੋ।

## ਕਦਮ 3

ਭਰੇ ਹੋਏ ਅਰਜ਼ੀ ਪ੍ਰਮਾਣੀਕਰਨ ਨੂੰ ਸਕੈਨ ਕਰੋ ਅਤੇ ਪੋਰਟਲ 'ਤੇ ਅੱਪਲੋਡ ਕਰੋ।

# ਦਸਤਾਵੇਜ਼ ਦੀਆਂ ਉਦਾਹਰਨਾਂ

# ਉਦਾਹਰਨ: ਸੰਘੀ ਟੈਕਸ ਰਿਟਰਨਾਂ

## ਮੁਨਾਫੇ ਲਈ ਕੰਮ ਕਰਦਾ ਕਾਰੋਬਾਰ


ਫਾਰਮ 1120



ਫਾਰਮ 1065




ਫਾਰਮ 1040



2019


ਫਾਰਮ 1120



ਫਾਰਮ 1065




ਫਾਰਮ 1040




2020

## ਗੈਰ-ਮੁਨਾਫਾ ਸੰਸਥਾ



2019




2020


# ਉਦਾਹਰਨ: ਕੈਲੀਫੋਰਨੀਆ ਟੈਕਸ ਰਿਟਰਨਾਂ

## ਮੁਨਾਫੇ ਲਈ ਕੰਮ ਕਰਦਾ ਕਾਰੋਬਾਰ


ਫਾਰਮ 100




ਫਾਰਮ 565





ਫਾਰਮ 540





2019


ਫਾਰਮ 100




ਫਾਰਮ 565





ਫਾਰਮ 540




2020

## ਗੈਰ-ਮੁਨਾਫਾ ਸੰਸਥਾ


ਫਾਰਮ 199




RRF-1





CT-TR-1




2019


ਫਾਰਮ 199




RRF-1




CT-TR-1




2020

# ਉਦਾਹਰਨ: ਸਰਕਾਰ ਵੱਲੋਂ ਜਾਰੀ ਪਛਾਣ-ਪੱਤਰ (ID)




ਸੰਯੁਕਤ ਰਾਜ ਦਾ ਪਾਸਪੋਰਟ




ਵਸਨੀਕ ਦਾ ਸਥਾਈ ਪ੍ਰਦੇਸ਼ੀ ਕਾਰਡ
(Resident Permanent Alien Card)




ਡਰਾਈਵਰ ਦਾ ਲਾਇਸੰਸ

ਪਛਾਣ-ਪੱਤਰ (ID) ਦੀਆਂ ਹੇਠ ਲਿਖੀਆਂ ਕਿਸਮਾਂ ਨੂੰ ਸਵੀਕਾਰ **ਨਹੀਂ** ਕੀਤਾ ਜਾਵੇਗਾ:

- ਮਿਆਦ-ਪੁੱਗ ਚੁੱਕੇ ਪਛਾਣ-ਪੱਤਰ
- ਬੱਸ ਪਾਸ
- ਸਕੂਲ ਦੇ ਪਛਾਣ-ਪੱਤਰ
- ਯੂਨੀਅਨ ਦੇ ਪਛਾਣ-ਪੱਤਰ
- ਨੌਕਰੀ ਦੇ ਪਛਾਣ-ਪੱਤਰ
- ਲਾਇਬਰੇਰੀ ਕਾਰਡ

# ਉਦਾਹਰਨ: ਕੈਲੀਫੋਰਨੀਆ ਸੈਕਰੇਟਰੀ ਆਫ ਸਟੇਟ ਜਾਂ ਸਥਾਨਕ ਨਗਰਪਾਲਿਕਾ ਕੋਲ ਅਧਿਕਾਰਿਤ ਤੌਰ ’ਤੇ ਦਾਇਰ ਕਰਨਾ



3767456

ARTICLES OF INCORPORATION OF

FILED Secretary of State State of California MAR 1 6 2015

ARTICLE I

The name of this corporation

ARTICLE II

A. This Corporation is a nonprofit public benefit corporation and is not organized for the private gain of any person. It is organized under the Nonprofit Public Benefit Corporation Law for public and charitable purposes. The specific purpose of this Corporation is to manage, operate, guide, direct and promote the Corporation.

B. This Corporation is organized and operated exclusively for educational and charitable purposes pursuant to and within the meaning of Section 501(c)(3) of the Internal Revenue Code of 1986, as amended (the "Code" or "I.R.C."), or the corresponding provision of any future United States Internal Revenue law. Notwithstanding any other provision of these articles, the Corporation shall not, except to an insubstantial degree, engage in other activities or exercise of power that do not further the purpose of the Corporation. The Corporation shall not carry on any other activities not permitted to be carried on by: (i) a corporation exempt from federal income tax under Section 501(c)(3) of the Code, or the corresponding section of any future federal tax code; or (ii) by a corporation, contributions of which are deductible under Section 170(c)(2) of the Code, or the corresponding section of any future federal tax code.

ARTICLE III

The name and address in the State of California of this Corporation's initial agent for service of process is: Registered Agents Inc.

ARTICLE IV


The initial street address of the corporation is:

The initial mailing address of the corporation is:

ARTICLES OF INCORPORATION PAGE 1 OF 3

MIDDLE TREE INCORPORATED

ਆਰਟੀਕਲਜ਼ ਆਫ ਇਨਕਾਰਪੋਰੇਸ਼ਨ (ARTICLES OF INCORPORATION)



State of California
Bill Jones
Secretary of State

LIMITED LIABILITY COMPANY ARTICLES OF ORGANIZATION

A $70.00 filing fee must accompany this form.
IMPORTANT – Read instructions before completing this form.

200224710133

FILED In the Office of the Secretary of State of the State of California AUG 2 8 2002

BILL JONES, Secretary of State

This Space For Filing Use Only

1. Name of the limited liability company (end the name with the words "Limited Liability Company," " Ltd. Liability Co.," or the abbreviations "LLC" or "L.L.C.")

2. The purpose of the limited liability company is to engage in any lawful act or activity for which a limited liability company may be organized under the Beverly-Killea limited liability company act.

3. Name the agent for service of process and check the appropriate provision below:

which is

[ ] an individual residing in California. Proceed to item 4.

[X] a corporation which has filed a certificate pursuant to section 1505. Proceed to item 5.

4. If an individual, California address of the agent for service of process:

Address:

City: State: CA Zip Code:

5. The limited liability company will be managed by: (check one)

[ ] one manager [ ] more than one manager [X] single member limited liability company [ ] all limited liability company members

6. Other matters to be included in this certificate may be set forth on separate attached pages and are made a part of this certificate. Other matters may include the latest date on which the limited liability company is to dissolve.

7. Number of pages attached, if any: 0

8. Type of business of the limited liability company. (For informational purposes only) treatment centers and services for at-risk youth

9. DECLARATION: It is hereby declared that I am the person who executed this instrument, which execution is my act and deed.

Signature of Organizer — Type or Print Name of Organizer

August 27, 2002

Date

10. RETURN TO:

NAME

FIRM


ADDRESS

CITY/STATE

ZIP CODE

SEC/STATE (REV. 12/99) — FORM LLC-1 – FILING FEE $70.00 Approved by Secretary of State

ਸੰਗਠਨ ਦਾ ਸਰਟੀਫਿਕੇਟ (CERTIFICATE OF ORGANIZATION)



THIS STATEMENT IS A PUBLIC RECORD

San Francisco County Clerk

FILING STAMP ONLY

FICTITIOUS BUSINESS NAME STATEMENT

ਪੰਜੀਕਰਨ ਦਾ ਕਲਪਿਤ ਨਾਮ (FICTITIOUS NAME OF REGISTRATION)



CITY OF LONG BEACH, CALIFORNIA
BUSINESS LICENSE
OWNERSHIP NON-TRANSFERABLE

PREPARED: 11/06/2018
P120

THE LICENSEE NAMED BELOW IS AUTHORIZED TO OPERATE THE FOLLOWING:

ACCOUNT NUMBER:
OWNER: ACTION INVESTIGATORS
LOCATED AT: 3860 CHERRY AVE

BUSINESS TYPE: BUSINESS OFFICE
DBA NAME: ACTION AUTO RECOVERY
PRODUCT: BUSINESS

AUTHORIZED BY: JOHN GROSS
DIRECTOR OF FINANCIAL MANAGEMENT

ਸਰਕਾਰ ਵੱਲੋਂ ਜਾਰੀ ਕਾਰੋਬਾਰੀ ਲਾਇਸੰਸ

ਬਿਨਾਂ ਕਲਪਿਤ ਨਾਮ ਵਾਲੇ ਇਕੱਲੀ ਮਲਕੀਅਤ ਵਾਲੇ ਵਿਅਕਤੀਆਂ ਵਾਸਤੇ

# ਉਦਾਹਰਨ: ਟੈਕਸ ਛੋਟ ਪੱਤਰ (ਸਿਰਫ਼ ਗੈਰ-ਮੁਨਾਫ਼ਾ ਸੰਸਥਾਵਾਂ ਲਈ)

INTERNAL REVENUE SERVICE
P. O. BOX 2508
CINCINNATI, OH 45201

DEPARTMENT OF THE TREASURY

Date: SEP 26 2016

Dear Applicant:

We're pleased to tell you we determined you're exempt from federal income tax under Internal Revenue Code (IRC) Section 501(c)(3). Donors can deduct contributions they make to you under IRC Section 170. You're also qualified to receive tax deductible bequests, devises, transfers or gifts under Section 2055, 2106, or 2522. This letter could help resolve questions on your exempt status. Please keep it for your records.

Organizations exempt under IRC Section 501(c)(3) are further classified as either public charities or private foundations. We determined you're a public charity under the IRC Section listed at the top of this letter.

If we indicated at the top of this letter that you're required to file Form 990/990-EZ/990-N, our records show you're required to file an annual information return (Form 990 or Form 990-EZ) or electronic notice (Form 990-N, the e-Postcard). If you don't file a required return or notice for three consecutive years, your exempt status will be automatically revoked.

If we indicated at the top of this letter that an addendum applies, the enclosed addendum is an integral part of this letter.

For important information about your responsibilities as a tax-exempt organization, go to www.irs.gov/charities. Enter "4221-PC" in the search bar to view Publication 4221-PC, Compliance Guide for 501(c)(3) Public Charities, which describes your recordkeeping, reporting, and disclosure requirements.

# ਅਰਜ਼ੀ ਦੇਣ ਲਈ ਨੁਕਤੇ

# ਨੁਕਤਾ #1
# GOOGLE CHROME ਦੀ ਵਰਤੋਂ ਕਰੋ

**ਸਭ ਤੋਂ ਵਧੀਆ ਵਰਤੋਂਕਾਰ ਅਨੁਭਵ ਲਈ, ਕਿਰਪਾ ਕਰਕੇ ਸਮੁੱਚੀ ਅਰਜ਼ੀ ਪ੍ਰਕਿਰਿਆ ਦੌਰਾਨ Google Chrome ਦੀ ਵਰਤੋਂ ਕਰੋ।**

ਹੋ ਸਕਦਾ ਹੈ ਹੋਰ ਵੈੱਬ ਬ੍ਰਾਊਜ਼ਰ ਸਾਡੇ ਇੰਟਰਫੇਸ ਦਾ ਸਮਰਥਨ ਨਾ ਕਰਨ ਅਤੇ ਉਹ ਤੁਹਾਡੀ ਅਰਜ਼ੀ ਵਿੱਚ ਗੜਬੜ ਦਾ ਕਾਰਨ ਬਣ ਸਕਦੇ ਹਨ।

ਜੇ ਤੁਹਾਡੀ ਡੀਵਾਈਸ ’ਤੇ Google Chrome ਨਹੀਂ ਹੈ ਤਾਂ ਤੁਸੀਂ ਇਸ ਨੂੰ ਮੁਫ਼ਤ ਵਿੱਚ ਏਥੋਂ ਡਾਊਨਲੋਡ ਕਰ ਸਕਦੇ ਹੋ:
https://www.google.com/chrome/

ਆਪਣੀ ਅਰਜ਼ੀ ਸ਼ੁਰੂ ਕਰਨ ਤੋਂ ਪਹਿਲਾਂ, ਕਿਰਪਾ ਕਰਕੇ Google Chrome ਉੱਤੇ ਇਹ ਚੀਜ਼ਾਂ ਕਰੋ:

1. **ਆਪਣੇ ਕੈਸ਼ ਮੈਮਰੀ ਖਾਲੀ ਕਰੋ**
2. **Incognito Mode ਦੀ ਵਰਤੋਂ ਕਰੋ**
3. **ਪੌਪ-ਅੱਪ ਬਲੌਕਰ ਨੂੰ ਬੰਦ ਕਰੋ**

## ਕੈਸ਼ ਕੀਤਾ ਡੇਟਾ

ਕੈਸ਼ ਕੀਤਾ ਡੇਟਾ ਉਹ ਜਾਣਕਾਰੀ ਹੁੰਦੀ ਹੈ ਜਿਸਨੂੰ ਕਿਸੇ ਪਹਿਲਾਂ ਵਰਤੀ ਗਈ ਵੈੱਬਸਾਈਟ ਜਾਂ ਅਰਜ਼ੀ ਉੱਤੇ ਸਟੋਰ ਕੀਤਾ ਗਿਆ ਹੁੰਦਾ ਹੈ ਅਤੇ ਇਸਨੂੰ ਤੁਹਾਡੀ ਜਾਣਕਾਰੀ ਸਵੈਚਲਿਤ ਤਰੀਕੇ ਨਾਲ ਭਰੇ ਜਾਣ ਦੁਆਰਾ ਤੁਹਾਡੀ ਬ੍ਰਾਊਜ਼ਿੰਗ ਪ੍ਰਕਿਰਿਆ ਨੂੰ ਵਧੇਰੇ ਤੇਜ਼ ਬਣਾਉਣ ਲਈ ਵਰਤਿਆ ਜਾਂਦਾ ਹੈ। ਪਰ, ਕੈਸ਼ ਕੀਤੇ ਡੇਟਾ ਵਿੱਚ ਪੁਰਾਣੀ ਹੋ ਚੁੱਕੀ ਜਾਣਕਾਰੀ ਵੀ ਸ਼ਾਮਲ ਹੋ ਸਕਦੀ ਹੈ ਜਿਵੇਂ ਕਿ ਪੁਰਾਣੇ ਪਾਸਵਰਡ ਜਾਂ ਅਜਿਹੀ ਜਾਣਕਾਰੀ ਜੋ ਤੁਸੀਂ ਪਹਿਲਾਂ ਗਲਤ ਤਰੀਕੇ ਨਾਲ ਭਰੀ ਸੀ। ਇਸ ਨਾਲ ਤੁਹਾਡੀ ਅਰਜ਼ੀ ਵਿੱਚ ਗੜਬੜੀਆਂ ਪੈਦਾ ਹੋ ਸਕਦੀਆਂ ਹਨ ਅਤੇ ਇਸ ਦੇ ਸਿੱਟੇ ਵਜੋਂ ਤੁਹਾਡੀ ਅਰਜ਼ੀ ਦੀ ਸੰਭਾਵੀ ਧੋਖਾਧੜੀ ਵਾਸਤੇ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ।

## INCOGNITO MODE

Incognito mode ਤੁਹਾਨੂੰ ਆਪਣੀ ਜਾਣਕਾਰੀ ਗੁਪਤ ਤਰੀਕੇ ਨਾਲ ਦਾਖਲ ਕਰਨ ਦੇ ਯੋਗ ਬਣਾਉਂਦਾ ਹੈ ਅਤੇ ਤੁਹਾਡੇ ਡੇਟਾ ਨੂੰ ਯਾਦ ਰੱਖੇ ਜਾਣ ਜਾਂ ਕੈਸ਼ ਮੈਮਰੀ ਵਿੱਚ ਸਟੋਰ ਕਰਨ ਤੋਂ ਰੋਕਦਾ ਹੈ।


## ਪੌਪ-ਅੱਪ ਬਲੌਕਰ

ਸਾਡੀ ਅਰਜ਼ੀ ਵਿੱਚ ਇੱਕ ਤੋਂ ਵਧੇਰੇ ਪੌਪ-ਅੱਪ ਸੰਦੇਸ਼ ਸ਼ਾਮਲ ਹਨ ਜਿਨ੍ਹਾਂ ਨੂੰ ਤੁਹਾਡੇ ਵੱਲੋਂ ਪ੍ਰਦਾਨ ਕੀਤੀ ਜਾਣਕਾਰੀ ਦੀ ਸਟੀਕਤਾ ਦੀ ਪੁਸ਼ਟੀ ਕਰਨ ਲਈ ਵਰਤਿਆ ਜਾਂਦਾ ਹੈ। ਇਹਨਾਂ ਸੰਦੇਸ਼ਾਂ ਨੂੰ ਦੇਖਣ ਲਈ ਤੁਹਾਨੂੰ ਲਾਜ਼ਮੀ ਤੌਰ ’ਤੇ Google Chrome ਉੱਤੇ ਪੌਪ-ਅੱਪ ਬਲੌਕਰ ਨੂੰ ਬੰਦ ਕਰਨਾ ਚਾਹੀਦਾ ਹੈ।

# ਆਪਣੀ ਕੈਸ਼ ਮੈਮਰੀ ਨੂੰ ਕਿਵੇਂ ਖਾਲੀ ਕਰੀਏ


## ਕਦਮ 1

ਇੱਕ ਨਵੀਂ Google Chrome ਵਿੰਡੋ ਖੋਲ੍ਹੋ, ਉੱਪਰਲੇ ਸੱਜੇ ਕੋਨੇ ਵਿੱਚ ਦਿੱਤੇ ਤਿੰਨ ਬਿੰਦੂਆਂ ਉੱਤੇ ਕਲਿੱਕ ਕਰੋ, ਅਤੇ ਫੇਰ **“Settings”** ’ਤੇ ਜਾਓ





## ਕਦਮ 2

**“Privacy and Security”** ਅਤੇ ਫੇਰ **“Clear Browsing Data”** ਦੀ ਚੋਣ ਕਰੋ।




## ਕਦਮ 3


**“Clear Data”** ਦੀ ਚੋਣ ਕਰੋ।



# INCOGNITO MODE ਕਿਵੇਂ ਚਾਲੂ ਕੀਤਾ ਜਾਵੇ

## ਕਦਮ 1


ਆਪਣੇ ਵੈੱਬ ਬ੍ਰਾਊਜ਼ਰ ਦੇ ਉੱਪਰਲੇ ਸੱਜੇ ਕੋਨੇ ਵਿੱਚ ਦਿੱਤੇ ਤਿੰਨ ਬਿੰਦੂਆਂ ਉੱਤੇ ਕਲਿੱਕ ਕਰੋ, ਅਤੇ ਫੇਰ "**New incognito window**" ਦੀ ਚੋਣ ਕਰੋ। ਤੁਹਾਡਾ ਬ੍ਰਾਊਜ਼ਰ ਇੱਕ ਨਵੀਂ ਵਿੰਡੋ ਖੋਲ੍ਹੇਗਾ।



# ਪੌਪ-ਅੱਪ ਬਲੌਕਰ ਨੂੰ ਕਿਵੇਂ ਬੰਦ ਕਰੀਏ


## ਕਦਮ 1

ਇੱਕ ਨਵੀਂ Google Chrome ਵਿੰਡੋ ਖੋਲ੍ਹੋ, ਉੱਪਰਲੇ ਸੱਜੇ ਕੋਨੇ ਵਿੱਚ ਦਿੱਤੇ ਤਿੰਨ ਬਿੰਦੂਆਂ ਉੱਤੇ ਕਲਿੱਕ ਕਰੋ, ਅਤੇ ਫੇਰ **"Settings"** 'ਤੇ ਜਾਓ





## ਕਦਮ 2


**"Privacy and Security"** 'ਤੇ ਜਾਓ, ਅਤੇ ਫੇਰ **"Site Settings"** ਦੀ ਚੋਣ ਕਰੋ।




## ਕਦਮ 3

**"Pop-up and Redirects"** ਦੀ ਚੋਣ ਕਰੋ। ਬਟਨ ਉੱਤੇ ਕਲਿੱਕ ਕਰੋ ਤਾਂ ਜੋ ਇਹ ਨੀਲੇ ਰੰਗ ਦਾ ਹੋ ਜਾਵੇ ਅਤੇ ਸਥਿਤੀ **"Blocked"** ਤੋਂ **"Allowed"** ਵਿੱਚ ਬਦਲ ਜਾਵੇ।



ਨੁਕਤਾ #2

# ਆਪਣੇ ਦਸਤਾਵੇਜ਼ ਤਿਆਰ ਕਰੋ

**ਤੁਹਾਡੇ ਵਾਸਤੇ ਆਪਣੀ ਅਰਜ਼ੀ ਜਮ੍ਹਾਂ ਕਰਨ ਲਈ, ਸਾਰੇ ਲੋੜੀਂਦੇ ਦਸਤਾਵੇਜ਼ਾਂ ਨੂੰ ਪੋਰਟਲ ਉੱਤੇ ਅੱਪਲੋਡ ਕਰਨਾ ਲਾਜ਼ਮੀ ਹੈ।**

ਦਸਤਾਵੇਜ਼ ਲਾਜ਼ਮੀ ਤੌਰ ’ਤੇ, ਸਪੱਸ਼ਟ, ਸਿੱਧੀ ਲਾਈਨ ਵਿੱਚ ਹੋਣੇ ਚਾਹੀਦੇ ਹਨ, ਅਤੇ ਪੋਰਟਲ ’ਤੇ ਅੱਪਲੋਡ ਕਰਨ ’ਤੇ ਇਹਨਾਂ ਦੀ ਕੋਈ ਵਿਘਨਕਾਰੀ ਪਿੱਠਭੂਮੀ (background) ਨਹੀਂ ਹੋਣੀ ਚਾਹੀਦੀ।


**ਦਸਤਾਵੇਜ਼ ਅੱਪਲੋਡ ਕਰਨ ਵਾਸਤੇ ਅਹਿਮ ਨੋਟ-ਕਥਨ:**

- ਸਾਰੇ ਦਸਤਾਵੇਜ਼ ਲਾਜ਼ਮੀ ਤੌਰ ’ਤੇ **PDF ਫੌਰਮੈਟਵਿੱਚ ਜਮ੍ਹਾਂ ਕਰਾਉਣੇ ਚਾਹੀਦੇ ਹਨ।** ਸਾਰੇ ਦਸਤਾਵੇਜ਼ ਲਾਜ਼ਮੀ ਤੌਰ ’ਤੇ PDF ਫੌਰਮੈਟ ਵਿੱਚ ਜਮ੍ਹਾਂ ਕਰਾਉਣੇ ਚਾਹੀਦੇ ਹਨ। ਤੁਹਾਡੇ ਸਰਕਾਰ ਵੱਲੋਂ ਜਾਰੀ ਪਛਾਣ-ਪੱਤਰ ਨੂੰ JPEG ਜਾਂ PDF ਵਜੋਂ ਅੱਪਲੋਡ ਕੀਤਾ ਜਾ ਸਕਦਾ ਹੈ। ਫਾਈਲ ਦਾ ਸਾਈਜ਼ ਲਾਜ਼ਮੀ ਤੌਰ ’ਤੇ 15MB ਤੋਂ ਘੱਟ ਹੋਣਾ ਚਾਹੀਦਾ ਹੈ।
- ਫਾਈਲ ਦੇ ਨਾਮ ਵਿੱਚ ਵਿਸ਼ੇਸ਼ ਅੱਖਰ-ਚਿੰਨ੍ਹ (!@#$%^&*()_+) ਨਹੀਂ ਹੋ ਸਕਦੇ।
- ਜੇ ਤੁਹਾਡੀ ਫਾਈਲ ਨੂੰ ਪਾਸਵਰਡ ਨਾਲ ਰੱਖਿਅਤ ਕੀਤਾ ਗਿਆ ਹੈ, ਤਾਂ ਤੁਹਾਨੂੰ ਇਸਨੂੰ ਦਾਖਲ ਕਰਨ ਦੀ ਲੋੜ ਪਵੇਗੀ।

## ਨਮੂਨਾ




**ਸਹੀ:**
ਦਸਤਾਵੇਜ਼ ਸਪੱਸ਼ਟ ਹੈ ਅਤੇ ਸਿੱਧੀ ਰੇਖਾ ਵਿੱਚ ਹੈ।







**ਗਲਤ:**
1. ਦਸਤਾਵੇਜ਼ ਸਿੱਧੀ ਰੇਖਾ ਵਿੱਚ ਨਹੀਂ ਹੈ।
2. ਦਸਤਾਵੇਜ਼ ਵਿੰਡੋ ਦੇ ਸਾਹਮਣੇ ਹੈ (ਰੁਝੇਵੇਂ ਭਰੀ ਪਿੱਠਭੂਮੀ) ਅਤੇ ਫੋਟੋ ਵਿੱਚ ਇੱਕ ਹੱਥ ਦਿਖ ਰਿਹਾ ਹੈ।

## ਮੋਬਾਈਲ ਸਕੈਨਿੰਗ ਐਪਾਂ

ਜੇ ਤੁਹਾਡੇ ਕੋਲ ਕੋਈ ਸਕੈਨਰ ਨਹੀਂ ਹੈ, ਤਾਂ ਅਸੀਂ ਨਿਮਨਲਿਖਤ ਮੁਫ਼ਤ ਮੋਬਾਈਲ ਐਪਾਂ ਦੀ ਵਰਤੋਂ ਕਰਨ ਦੀ ਸਿਫਾਰਸ਼ ਕਰਦੇ ਹਾਂ:

**Genius Scan**
Apple | ਡਾਊਨਲੋਡ ਕਰਨ ਲਈ ਏਥੇ ਕਲਿੱਕ ਕਰੋ
Android | ਡਾਊਨਲੋਡ ਕਰਨ ਲਈ ਏਥੇ ਕਲਿੱਕ ਕਰੋ

**Adobe Scan**
Apple | ਡਾਊਨਲੋਡ ਕਰਨ ਲਈ ਏਥੇ ਕਲਿੱਕ ਕਰੋ
Android | ਡਾਊਨਲੋਡ ਕਰਨ ਲਈ ਏਥੇ ਕਲਿੱਕ ਕਰੋ

ਨੁਕਤਾ #3
# ਕਿਸੇ ਵੈਧ ਈਮੇਲ ਪਤੇ ਦੀ ਵਰਤੋਂ ਕਰੋ

**ਕਿਰਪਾ ਕਰਕੇ ਯਕੀਨੀ ਬਣਾਓ ਕਿ ਤੁਸੀਂ ਇੱਕ ਵੈਧ ਈਮੇਲ ਪਤੇ ਦੀ ਵਰਤੋਂ ਕਰ ਰਹੇ ਹੋ ਅਤੇ ਇਹ ਕਿ ਅਰਜ਼ੀ ਵਿੱਚ ਇਸਦੇ ਸ਼ਬਦ-ਜੋੜ ਸਹੀ ਲਿਖੇ ਗਏ ਹਨ।** ਤੁਹਾਡੇ ਅਰਜ਼ੀ ਵਾਸਤੇ ਅੱਪਡੇਟ ਅਤੇ ਵਾਧੂ ਮਾਰਗ-ਦਰਸ਼ਨ ਤੁਹਾਡੇ ਵੱਲੋਂ ਪ੍ਰਦਾਨ ਕਰਾਏ ਜਾਂਦੇ ਈਮੇਲ ਪਤੇ 'ਤੇ ਭੇਜੇ ਜਾਣਗੇ।

**ਜੇ ਤੁਸੀਂ ਕੋਈ ਗਲਤ ਜਾਂ ਅਵੈਧ ਈਮੇਲ ਪਤੇ ਦੀ ਵਰਤੋਂ ਕੀਤੀ ਹੈ ਤਾਂ** ਕੋਈ ਨਵੀਂ ਅਰਜ਼ੀ ਜਮ੍ਹਾਂ ਨਾ ਕਰਵਾਓ। **ਇੱਕ ਤੋਂ ਵਧੇਰੇ ਅਰਜ਼ੀਆਂ ਜਮ੍ਹਾਂ ਕਰਨਾ ਜਾਂ ਕਿਸੇ ਅਵੈਧ ਈਮੇਲ ਪਤੇ ਦੀ ਵਰਤੋਂ ਕਰਨ ਦਾ ਪਤਾ ਸੰਭਾਵਿਤ ਧੋਖਾਧੜੀ ਵਜੋਂ ਲਗਾਇਆ ਜਾਵੇਗਾ ਅਤੇ ਇਹ ਤੁਹਾਡੀ ਅਰਜ਼ੀ ਦੀ ਸਮੀਖਿਆ ਪ੍ਰਕਿਰਿਆ ਵਿੱਚ ਵਿਘਨ ਪਾਵੇਗਾ।**

ਕਿਰਪਾ ਕਰਕੇ ਸਹਾਇਤਾ ਵਾਸਤੇ ਸਾਡੇ ਕਾਲ ਸੈਂਟਰ ਨੂੰ (888) 984-1173 'ਤੇ ਕਾਲ ਕਰੋ।

## ਈਮੇਲ ਪਤੇ ਅਵੈਧ ਹਨ

ਨਿਮਨਲਿਖਤ ਈਮੇਲ ਪਤੇ ਸਾਡੇ ਸਿਸਟਮ ਵਿੱਚ ਸਵੀਕਾਰ **ਨਹੀਂ** ਕੀਤੇ ਜਾਣਗੇ ਜਾਂ ਪਛਾਣੇ ਨਹੀਂ ਜਾਣਗੇ:

ਉਹ ਈਮੇਲ ਪਤੇ *ਜਿਨ੍ਹਾਂ ਦੇ ਸ਼ੁਰੂ ਵਿੱਚ* **info@** ਹੁੰਦਾ ਹੈ, ਉਦਾਹਰਨ: info@mycompany.com

ਉਹ ਈਮੇਲ ਪਤੇ *ਜਿਨ੍ਹਾਂ ਦੇ ਅੰਤ ਵਿੱਚ* **@contact.com** ਜਾਂ **@noreply.com**ਹੁੰਦਾ ਹੈ
ਉਦਾਹਰਨ: mycompany@contact.com
ਉਦਾਹਰਨ: mycompany@noreply.com

## ਨੁਕਤਾ #4


# ਆਪਣਾ NAICS ਕੋਡ ਲੱਭੋ

ਅਰਜ਼ੀ ਪ੍ਰਕਿਰਿਆ ਦੌਰਾਨ ਤੁਹਾਨੂੰ ਇੱਕ NAICS ਕੋਡ ਦਾਖਲ ਕਰਨ ਦੀ ਲੋੜ ਪਵੇਗੀ।

ਇਸ ਗ੍ਰਾਂਟ ਵਾਸਤੇ ਯੋਗ ਹੋਣ ਲਈ, **ਤੁਹਾਡਾ ਕਾਰੋਬਾਰ ਲਾਜ਼ਮੀ ਤੌਰ 'ਤੇ ਅੱਗੇ ਦੱਸੇ NAICS ਕੋਡਾਂ ਵਿੱਚੋਂ ਕੋਈ ਇੱਕ ਹੋਣਾ ਚਾਹੀਦਾ ਹੈ**:

- 711211: ਖੇਡ ਟੀਮਾਂ ਅਤੇ ਕਲੱਬਾਂ।
- 711310: ਪੇਸ਼ਕਾਰੀ ਵਾਲੀਆਂ ਕਲਾਵਾਂ, ਖੇਡਾਂ, ਅਤੇ ਸੁਵਿਧਾਵਾਂ ਸਮੇਤ ਇਹੋ ਜਿਹੇ ਹੋਰ ਈਵੈਂਟਾਂ ਦੇ ਪ੍ਰੋਮੋਟਰ।
- 711320: ਸੁਵਿਧਾਵਾਂ ਤੋਂ ਬਗੈਰ ਪੇਸ਼ਕਾਰੀ ਵਾਲੀਆਂ ਕਲਾਵਾਂ, ਖੇਡਾਂ, ਅਤੇ ਇਹੋ ਜਿਹੇ ਹੋਰ ਈਵੈਂਟਾਂ ਦੇ ਪ੍ਰੋਮੋਟਰ।
- 722410: ਡ੍ਰਿੰਕ ਕਰਨ ਦੇ ਸਥਾਨ (ਅਲਕੋਹਲ ਵਾਲੇ ਪੀਣ-ਪਦਾਰਥ)।
- 722511: ਸੰਪੂਰਨ-ਸਰਵਿਸ ਦੇਣ ਵਾਲੇ ਰੈਸਟੋਰੈਂਟ।

**ਆਪਣੇ NAICS ਕੋਡ ਦੀ ਪੁਸ਼ਟੀ ਕਰਨ ਲਈ www.naics.com 'ਤੇ ਜਾਓ।**



ਨੁਕਤਾ #5

# ਕੋਈ ਭਾਈਵਾਲ (ਪਾਰਟਨਰ) ਲੱਭੋ

Lendistry ਦੇ ਭਾਈਵਾਲਾਂ ਵਿੱਚ ਮਿਸ਼ਨ-ਆਧਾਰਿਤ ਸ਼ਾਹੂਕਾਰ ਅਤੇ ਛੋਟੇ ਕਾਰੋਬਾਰਾਂ ਲਈ ਸਲਾਹ ਅਤੇ ਤਕਨੀਕੀ ਸਹਾਇਤਾ ਪ੍ਰਦਾਨ ਕਰਾਉਣ ਵਾਲੇ ਪ੍ਰਦਾਨਕ ਸ਼ਾਮਲ ਹਨ ਜੋ ਅਰਜ਼ੀ ਪ੍ਰਕਿਰਿਆ, ਦਸਤਾਵੇਜ਼ ਅੱਪਲੋਡ ਕਰਨ, ਅਤੇ ਹੋਰ ਚੀਜ਼ਾਂ ਵਿੱਚ ਮਦਦ ਕਰਨ ਲਈ ਉਪਲਬਧ ਹੁੰਦੇ ਹਨ। ਇਸ ਵਿੱਚ ਕੈਲੀਫੋਰਨੀਆ ਪ੍ਰਾਂਤ ਵੱਲੋਂ ਸਮਰਥਿਤ ਕਈ ਛੋਟੇ ਕਾਰੋਬਾਰਾਂ ਲਈ ਕੇਂਦਰ ਸ਼ਾਮਲ ਹਨ ਜੋ ਸੇਵਾਵਾਂ ਤੋਂ ਵੰਚਿਤ ਕਾਰੋਬਾਰੀ ਗਰੁੱਪਾਂ ਲਈ ਤਕਨੀਕੀ ਸਹਾਇਤਾ ਦੇ ਵਿਸਤਾਰ ਨੂੰ ਤਰਜੀਹੀ ਆਧਾਰ ’ਤੇ ਕਰਦੇ ਹਨ।

ਤੁਸੀਂ ਕਿਸੇ ਵੀ ਅਜਿਹੇ ਭਾਈਵਾਲ ਦੀ ਚੋਣ ਕਰ ਸਕਦੇ ਹੋ ਜੋ ਤੁਹਾਡੇ ਸੋਚਣ ਮੁਤਾਬਿਕ ਤੁਹਾਡੀਆਂ ਲੋੜਾਂ ਦੇ ਸਭ ਤੋਂ ਵੱਧ ਫਿੱਟ ਬੈਠਦਾ ਹੈ, ਕਿਉਂਕਿ ਉਹ ਤੁਹਾਡੇ ਲਈ ਹੋਰ ਵਿੱਤੀ ਸਹਾਇਤਾ ਵੀ ਪ੍ਰਦਾਨ ਕਰਾ ਸਕਦੇ ਹਨ, ਜਿਵੇਂ ਕਿ ਕੰਮ ਚਲਾਉਣ ਲਈ ਪੂੰਜੀ ਵਾਸਤੇ ਕਰਜ਼ੇ, ਉਪਕਰਨਾਂ ਵਾਸਤੇ ਕਰਜ਼ੇ, ਅਤੇ ਨਾਲ ਹੀ ਤੁਹਾਡੀ ਅਤੇ ਤੁਹਾਡੇ ਕਾਰੋਬਾਰ ਦੀ ਸਹਾਇਤਾ ਕਰਨ ਲਈ ਤਕਨੀਕੀ ਸਹਾਇਤਾ।

**ਕਿਰਪਾ ਕਰਕੇ ਨੋਟ ਕਰੋ ਕਿ ਤੁਹਾਡਾ ਫੈਸਲਾ ਤੁਹਾਡੀਆਂ ਗ੍ਰਾਂਟ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਨੂੰ ਪ੍ਰਭਾਵਿਤ ਨਹੀਂ ਕਰੇਗਾ।**

## ਸਾਡੇ ਭਾਈਵਾਲ

ACTORS' EQUITY ASSOCIATION 1913

CALIFORNIANS FOR THE ARTS

CalNonprofits CALIFORNIA ASSOCIATION OF NONPROFITS

NIVA NATIONAL INDEPENDENT VENUE ASSOCIATION

ਸਾਡੇ ਭਾਈਵਾਲਾਂ ਬਾਰੇ ਹੋਰ ਜਾਣਕਾਰੀ ਲਈ, ਦੇਖੋ:

https://cavenuesgrant.com/


# ਅਰਜ਼ੀ ਪ੍ਰਕਿਰਿਆ

# ਤੁਸੀਂ ਏਥੇ ਅਰਜ਼ੀ ਦੇ ਸਕਦੇ ਹੋ:
# WWW.CAVENUESGRANT.COM

ਕਿਸੇ ਗ੍ਰਾਂਟ ਵਾਸਤੇ ਅਰਜ਼ੀ ਦੇਣ ਲਈ, **www.cavenuesgrant.com** ’ਤੇ ਜਾਓ ਅਤੇ “**Apply Now**” ’ਤੇ ਕਲਿੱਕ ਕਰੋ। ਤੁਹਾਨੂੰ ਅਰਜ਼ੀ ਪੋਰਟਲ ’ਤੇ ਭੇਜ ਦਿੱਤਾ ਜਾਵੇਗਾ।

ਸਾਡੀ ਵੈੱਬਸਾਈਟ ਵਿੱਚ ਕਈ ਸਾਰੇ ਸਰੋਤ ਵੀ ਹਨ ਤਾਂ ਜੋ ਸਮੁੱਚੀ ਅਰਜ਼ੀ ਪ੍ਰਕਿਰਿਆ ਵਿੱਚੋਂ ਗੁਜ਼ਰਨ ਵਿੱਚ ਮਦਦ ਕਰਨ ਲਈ ਤੁਹਾਡਾ ਮਾਰਗ-ਦਰਸ਼ਨ ਕੀਤਾ ਜਾ ਸਕੇ। ਸਰੋਤਾਂ ਵਿੱਚ ਸ਼ਾਮਲ ਹਨ:

- ਪ੍ਰੋਗਰਾਮ ਵਾਸਤੇ ਸੇਧਾਂ
- ਪ੍ਰੋਗਰਾਮ ਅਤੇ ਐਪਲੀਕੇਸ਼ਨ ਗਾਈਡ
- ਅਰਜ਼ੀ ਦਾ ਪ੍ਰਮਾਣੀਕਰਨ (Application Certification) ਡਾਊਨਲੋਡ ਕਰਨਾ
- ਕਾਲ ਸੈਂਟਰ ਦਾ ਨੰਬਰ ਅਤੇ ਖੁੱਲ੍ਹਣ ਦਾ ਸਮਾਂ
- ਸਾਡੇ ਭਾਈਵਾਲਾਂ ਦੀ ਇੱਕ ਸੂਚੀ
- ਭਾਈਵਾਲਾਂ ਵੱਲੋਂ ਤੈਅਸ਼ੁਦਾ ਕਾਰਜ-ਕ੍ਰਮ ਅਨੁਸਾਰ ਵੈਬੀਨਾਰ (ਸਾਰੇ ਬਿਨੈਕਾਰਾਂ ਲਈ ਖੁੱਲ੍ਹੇ ਹਨ)
- ਆਮ ਪੁੱਛੇ ਜਾਣ ਵਾਲੇ ਪ੍ਰਸ਼ਨ: ਵੀਡੀਓ-ਆਨ-ਡਿਮਾਂਡ




# ਇੱਕ ਨਵਾਂ
# ਪੋਰਟਲ ਖਾਤਾ ਬਣਾਓ

ਸਾਰੇ ਯੋਗ ਬਿਨੈਕਾਰਾਂ ਤੋਂ California Venues Grant Program ਵਾਸਤੇ ਇੱਕ **ਨਵੀਂ ਅਤੇ ਵੱਖਰੀ ਅਰਜ਼ੀ** ਭਰਨਾ ਲੋੜਿਆ ਜਾਂਦਾ ਹੈ ਚਾਹੇ ਉਹਨਾਂ ਨੇ California Small Business COVID-19 Relief Grant Program ਵਾਸਤੇ ਕੋਈ ਅਰਜ਼ੀ ਪਹਿਲਾਂ ਹੀ ਜਮ੍ਹਾਂ ਕਰਵਾ ਦਿੱਤੀ ਹੈ।


1. ਕੋਈ ਨਵੀਂ ਅਰਜ਼ੀ ਸ਼ੁਰੂ ਕਰਨ ਲਈ, ਤੁਹਾਨੂੰ ਇੱਕ ਨਵਾਂ ਪੋਰਟਲ ਖਾਤਾ ਬਣਾਉਣ ਦੀ ਲੋੜ ਪਵੇਗੀ। ਇਸ ਪ੍ਰਕਿਰਿਆ ਨੂੰ ਸ਼ੁਰੂ ਕਰਨ ਲਈ "**Start Application**" 'ਤੇ ਕਲਿੱਕ ਕਰੋ।

2. ਆਪਣਾ ਈਮੇਲ ਪਤਾ ਜਾਂ ਫ਼ੋਨ ਨੰਬਰ ਰਜਿਸਟਰ ਕਰੋ। ਤੁਹਾਡੇ ਵੱਲੋਂ ਏਥੇ ਵਰਤੇ ਜਾਂਦੇ ਈਮੇਲ ਅਤੇ ਪਾਸਵਰਡ **ਇਸ ਪੋਰਟਲ ਵਾਸਤੇ ਤੁਹਾਡੇ ਲੌਗਇਨ ਲਈ ਪਛਾਣ-ਵੇਰਵੇ (credentials) ਹੋਣਗੇ**, ਇਸ ਲਈ ਇਹ ਬਹੁਤ ਅਹਿਮ ਹੈ ਕਿ ਤੁਸੀਂ ਇਹਨਾਂ ਨੂੰ ਨੋਟ ਕਰ ਲਓ। ਤੁਹਾਨੂੰ ਇਸ ਸੈਕਸ਼ਨ ਵਿੱਚ ਇੱਕ **ਅਸਲੀ ਅਤੇ ਕੰਮ ਕਰਦਾ ਮੋਬਾਈਲ ਨੰਬਰ** ਦਾਖਲ ਕਰਨ ਦੀ ਲੋੜ ਹੋਵੇਗੀ।

3. ਤੁਹਾਨੂੰ SMS/ਲਿਖਤੀ-ਸੰਦੇਸ਼ ਰਾਹੀਂ ਇੱਕ ਪੁਸ਼ਟੀਕਰਨ ਕੋਡ ਭੇਜਿਆ ਜਾਵੇਗਾ, ਜਿਸਦੀ ਤੁਹਾਨੂੰ ਆਪਣੇ ਖਾਤੇ ਦਾ ਰਜਿਸਟ੍ਰੇਸ਼ਨ ਪੂਰਾ ਕਰਨ ਲਈ ਲੋੜ ਹੁੰਦੀ ਹੈ। ਤੁਹਾਡੀ ਪਰਦੇਦਾਰੀ ਅਤੇ ਤੁਹਾਡੇ ਵੱਲੋਂ ਦਿੱਤੀ ਜਾਂਦੀ ਜਾਣਕਾਰੀ ਦੀ ਰੱਖਿਆ ਕਰਨ ਲਈ, ਹਰ ਵਾਰ ਪੋਰਟਲ ਵਿੱਚ ਲੌਗ ਇਨ ਕਰਨ 'ਤੇ ਤੁਹਾਨੂੰ ਇੱਕ ਪੁਸ਼ਟੀਕਰਨ ਕੋਡ ਦੀ ਲੋੜ ਵੀ ਪਵੇਗੀ। ਡੈਟਾ ਅਤੇ ਸੰਦੇਸ਼ ਭੇਜਣ ਦੇ ਰੇਟ ਲਾਗੂ ਹੋ ਸਕਦੇ ਹਨ।





2




ਆਪਣੀ ਈਮੇਲ ਜਾਂ ਫ਼ੋਨ ਨੰਬਰ ਰਜਿਸਟਰ ਕਰੋ।

3





ਪੁਸ਼ਟੀਕਰਨ ਕੋਡ ਦਾਖਲ ਕਰੋ।

# ਸੈਕਸ਼ਨ 1:
# ਮਾਲਕ ਦੇ ਵੇਰਵੇ

## ਕਿਹੜੀ ਜਾਣਕਾਰੀ ਲੋੜੀਂਦੀ ਹੈ?

- ਨਾਮ ਦਾ ਪਹਿਲਾ ਭਾਗ
- ਨਾਮ ਦਾ ਆਖਰੀ ਭਾਗ
- ਈਮੇਲ
- ਰਿਹਾਇਸ਼ੀ ਪਤਾ
- ਜਨਮ ਤਾਰੀਖ਼
- ਸੋਸ਼ਲ ਸਕਿਉਰਟੀ ਨੰਬਰ (SSN) ਜਾਂ ਇੰਡਵਿਜ਼ੁਅਲ ਟੈਕਸਪੇਅਰ ਆਈਡੈਂਟੀਫਿਕੇਸ਼ਨ ਨੰਬਰ (ITIN)[1]
- ਮਲਕੀਅਤ ਦਾ ਪ੍ਰਤੀਸ਼ਤ
- ਰੈਫਰਲ ਪਾਰਟਨਰ[2]
- ਤਰਜੀਹੀ ਫੋਨ ਨੰਬਰ
- SMS/ਲਿਖਤੀ-ਸੰਦੇਸ਼ ਬਾਰੇ ਨੀਤੀ[3]

1. ਇਹ ਯਕੀਨੀ ਬਣਾਉਣ ਲਈ ਲੋੜੀਂਦਾ ਹੈ ਕਿ ਬਿਨੈਕਾਰ OFAC ਸੂਚੀ ’ਤੇ ਨਾ ਹੋਵੇ।
2. ਤੁਹਾਡੇ ਵੱਲੋਂ ਚੁਣਿਆ ਜਾਂਦਾ ਰੈਫਰਲ ਪਾਰਟਨਰ ਤੁਹਾਡੀ ਅਰਜ਼ੀ ਨੂੰ ਪ੍ਰਭਾਵਿਤ ਨਹੀਂ ਕਰੇਗਾ।
3. ਜੇ ਤੁਸੀਂ ਸਮੀਖਿਆ ਪ੍ਰਕਿਰਿਆ ਦੌਰਾਨ SMS/ਲਿਖਤੀ-ਸੰਦੇਸ਼ ਰਾਹੀਂ ਆਪਣੀ ਅਰਜ਼ੀ ਬਾਰੇ ਅੱਪਡੇਟ ਪ੍ਰਾਪਤ ਕਰਨੇ ਚਾਹੋਂਗੇ ਤਾਂ ਬਾਕਸ ਵਿੱਚ ਸਹੀ ਦਾ ਨਿਸ਼ਾਨ ਲਗਾਓ।




# ਸੈਕਸ਼ਨ 2:
# ਕਾਰੋਬਾਰੀ ਜਾਣਕਾਰੀ ਭਾਗ 1

## ਕਿਹੜੀ ਜਾਣਕਾਰੀ ਲੋੜੀਂਦੀ ਹੈ?

- ਕਾਰੋਬਾਰ ਦਾ ਕਨੂੰਨੀ ਨਾਮ
- ਡੂਇੰਗ ਬਿਜਨਸ ਐਜ/"DBA" (ਜੇ ਲਾਗੂ ਹੁੰਦਾ ਹੈ)
- ਕਾਰੋਬਾਰ EIN (ਜਾਂ ਸਿਰਫ਼ ਇਕੱਲੇ ਮਾਲਕਾਂ ਵਾਸਤੇ SSN)
- ਕਾਰੋਬਾਰ ਦਾ ਪਤਾ
- ਕਾਰੋਬਾਰ ਸੰਖਿਆ
- ਕਾਰੋਬਾਰ ਦੀ ਕਿਸਮ (ਮੁਨਾਫੇ ਵਾਸਤੇ ਜਾਂ ਗੈਰ-ਮੁਨਾਫਾ)
- ਕਾਰੋਬਾਰੀ ਇਕਾਈ ਦੀ ਕਿਸਮ
- ਸਟੇਟ ਆਫ ਇਨਕਾਰਪੋਰੇਸ਼ਨ
- ਕਾਰੋਬਾਰ ਸ਼ੁਰੂ ਕਰਨ ਦੀ ਤਾਰੀਖ
- ਕਾਰੋਬਾਰ ਦੀ ਵੈੱਬਸਾਈਟ (ਜੇਕਰ ਲਾਗੂ ਹੁੰਦਾ ਹੈ)

ਧਿਆਨ ਦਿਓ: ਸਾਡੀ ਵੈੱਬ ਅਰਜ਼ੀ ਦੇ ਮਕਸਦ ਵਾਸਤੇ, "ਕਾਰੋਬਾਰ" ਤੋਂ ਭਾਵ ਕਿਸੇ ਮੁਨਾਫੇ ਲਈ ਕੰਮ ਕਰਦੇ ਕਾਰੋਬਾਰ ਜਾਂ ਗੈਰ-ਮੁਨਾਫਾ ਸੰਸਥਾ ਤੋਂ ਹੈ।




ਸੈਕਸ਼ਨ 3:

# ਕਾਰੋਬਾਰੀ ਜਾਣਕਾਰੀ ਭਾਗ 2

## ਕਿਹੜੀ ਜਾਣਕਾਰੀ ਲੋੜੀਂਦੀ ਹੈ?

- ਗ੍ਰਾਂਟ ਦਾ ਮਕਸਦ
- ਬੇਨਤੀ ਕੀਤੀ ਗਈ ਰਕਮ (**ਨੋਟ: ਤੁਹਾਡੇ ਵੱਲੋਂ ਬੇਨਤੀ ਕੀਤੀ ਰਕਮ ਮਨਜ਼ੂਰ ਕੀਤੀ ਜਾਂਦੀ ਰਕਮ ਨਾਲੋਂ ਭਿੰਨ ਹੋ ਸਕਦੀ ਹੈ।**)
- ਕੀ ਗ੍ਰਾਂਟ ਨਾਲ ਨਵੀਆਂ ਨੌਕਰੀਆਂ ਪੈਦਾ ਹੋਣਗੀਆਂ?
- 2019 ਵਾਸਤੇ ਸਾਲਾਨਾ ਮਾਲੀਆ (ਇਹ ਤੁਹਾਡੀਆਂ ਟੈਕਸ ਰਿਟਰਨਾਂ ਨਾਲ ਲਾਜ਼ਮੀ ਤੌਰ ’ਤੇ ਮੇਲ ਖਾਣਾ ਚਾਹੀਦਾ ਹੈ)
- ਪੂਰਾ ਸਮਾਂ ਕੰਮ ਕਰਨ ਵਾਲੇ ਕਰਮਚਾਰੀਆਂ ਦੀ #
- ਅੰਸ਼ਕ ਸਮਾਂ ਕੰਮ ਕਰਨ ਵਾਲੇ ਕਰਮਚਾਰੀਆਂ ਦੀ #
- ਪੈਦਾ ਕੀਤੀਆਂ ਨੌਕਰੀਆਂ ਦੀ #
- ਕਾਇਮ ਰੱਖੀਆਂ ਨੌਕਰੀਆਂ ਦੀ #

ਧਿਆਨ ਦਿਓ: ਸਾਡੀ ਵੈੱਬ ਅਰਜ਼ੀ ਦੇ ਮਕਸਦ ਵਾਸਤੇ, “ਕਾਰੋਬਾਰ” ਤੋਂ ਭਾਵ ਕਿਸੇ ਮੁਨਾਫੇ ਲਈ ਕੰਮ ਕਰਦੇ ਕਾਰੋਬਾਰ ਜਾਂ ਗੈਰ-ਮੁਨਾਫਾ ਸੰਸਥਾ ਤੋਂ ਹੈ।




ਸੈਕਸ਼ਨ 4:

# ਜਨਅੰਕਣ ਅੰਕੜੇ

## ਕਿਹੜੀ ਜਾਣਕਾਰੀ ਲੋੜੀਂਦੀ ਹੈ?

- ਤੁਹਾਡਾ ਗਾਹਕ ਆਧਾਰ ਕੀ ਹੈ?
  1. **B2B:** ਕਾਰੋਬਾਰ ਤੋਂ ਕਾਰੋਬਾਰ ਤੱਕ
  2. **B2C:** ਕਾਰੋਬਾਰ ਤੋਂ ਖਪਤਕਾਰ ਤੱਕ
- ਤੁਹਾਡਾ ਕਾਰੋਬਾਰ ਕੀ ਕਰਦਾ ਹੈ?
- ਇਹ ਕਿਸ ਕਿਸਮ ਦਾ ਕਾਰੋਬਾਰ ਹੈ?
- NAICS ਕੋਡ
- ਕੀ ਔਰਤ ਦੀ ਮਲਕੀਅਤ ਹੈ? (ਹਾਂ ਜਾਂ ਨਹੀਂ)*
- ਸਾਬਕਾ-ਸੈਨਿਕ ਦੀ ਮਲਕੀਅਤ ਹੈ? (ਹਾਂ ਜਾਂ ਨਹੀਂ)*
- ਅਪਾਹਜ ਵਿਅਕਤੀ ਦੀ ਮਲਕੀਅਤ ਹੈ? (ਹਾਂ ਜਾਂ ਨਹੀਂ)*
- ਬਿਨੈਕਾਰ ਦੀ ਨਸਲ*
- ਬਿਨੈਕਾਰ ਦਾ ਨਸਲੀ-ਮੂਲ*
- ਫ੍ਰੈਂਚਾਈਜ਼ੀ? (ਹਾਂ ਜਾਂ ਨਹੀਂ)*
- ਪੇਂਡੂ ਇਲਾਕੇ ਤੋਂ? (ਹਾਂ ਜਾਂ ਨਹੀਂ)*


*ਜਵਾਬ ਤੁਹਾਡੀ ਯੋਗਤਾ ਨੂੰ ਪ੍ਰਭਾਵਿਤ ਨਹੀਂ ਕਰਨਗੇ।



# ਸੈਕਸ਼ਨ 5:
# ਖੁਲਾਸੇ

## ਕਿਹੜੀ ਜਾਣਕਾਰੀ ਲੋੜੀਂਦੀ ਹੈ?

- ਖੁਲਾਸੇ ਸੰਬੰਧੀ ਸਵਾਲ ਸਾਨੂੰ ਤੁਹਾਡੀ ਯੋਗਤਾ ਬਾਰੇ ਨਿਰਣਾ ਕਰਨ ਵਿੱਚ ਮਦਦ ਕਰਨਗੇ। ਸਾਰੇ ਸਵਾਲਾਂ ਦਾ ਜਵਾਬ ਦਿਓ।




# ਸੈਕਸ਼ਨ 6:
# ਵਿੱਤੀ ਵੇਰਵੇ


## ਤੁਹਾਡੀ ਵਿੱਤੀ ਜਾਣਕਾਰੀ ਦੀ ਲੋੜ ਕਿਉਂ ਹੈ?

ACH ਟ੍ਰਾਂਸਫਰ ਸਥਾਪਤ ਕਰਨ ਲਈ Lendistry ਇੱਕ ਤੀਜੀ-ਧਿਰ ਦੀ ਤਕਨਾਲੋਜੀ (Plaid) ਦੀ ਵਰਤੋਂ ਕਰਦੀ ਹੈ, ਅਜਿਹਾ ਯੂ.ਐੱਸ. ਵਿੱਚ ਕਿਸੇ ਵੀ ਬੈਂਕ ਜਾਂ ਕ੍ਰੈਡਿਟ ਯੂਨੀਅਨ ਤੋਂ ਖਾਤਿਆਂ ਨੂੰ Lendistry ਦੀ ਪੋਰਟਲ ਵਰਗੀ ਕਿਸੇ ਐਪ ਨਾਲ ਕਨੈਕਟ ਕਰਨ ਦੁਆਰਾ ਕੀਤਾ ਜਾਂਦਾ ਹੈ। ਤੀਜੀ-ਧਿਰ ਬਿਨਾਂ ਤੁਹਾਡੀ ਆਗਿਆ ਦੇ ਤੁਹਾਡੀ ਨਿੱਜੀ ਜਾਣਕਾਰੀ ਸਾਂਝੀ ਨਹੀਂ ਕਰਦੀ ਅਤੇ ਇਸਨੂੰ ਬਾਹਰੀ ਕੰਪਨੀਆਂ ਨੂੰ ਵੇਚਦੀ ਨਹੀਂ ਜਾਂ ਕਿਰਾਏ 'ਤੇ ਨਹੀਂ ਦਿੰਦੀ। Lendistry ਇਸ ਤਕਨਾਲੋਜੀ ਦੀ ਵਰਤੋਂ ਸਿਰਫ਼ ਤੁਹਾਡੀਆਂ ਬੈਂਕ ਸਟੇਟਮੈਂਟਾਂ ਦੀ ਤਸਦੀਕ ਕਰਨ ਲਈ ਕਰਦੀ ਹੈ। ਬੈਂਕ ਪੁਸ਼ਟੀਕਰਨ ਦੀ ਇਸ ਵਿਧੀ ਨੂੰ ਤਰਜੀਹ ਦਿੱਤੀ ਜਾਂਦੀ ਹੈ ਪਰ ਇਹ ਹਮੇਸ਼ਾ ਕੰਮ ਨਹੀਂ ਕਰੇਗੀ ਜੇ ਤੁਹਾਡੀ ਬੈਂਕਿੰਗ ਸੰਸਥਾ ਪ੍ਰਦਾਨਕ ਦੇ ਰਾਹੀਂ ਉਪਲਬਧ ਨਹੀਂ ਹੈ। ਇਸ ਸੂਰਤ ਵਿੱਚ, ਤੁਸੀਂ ਹੋਰ ਵਿਧੀਆਂ ਦੀ ਵਰਤੋਂ ਕਰਕੇ ਆਪਣੇ ਬੈਂਕ ਖਾਤੇ ਦੀ ਪੁਸ਼ਟੀ ਕਰ ਸਕਦੇ ਹੋ।

## ਮਹੱਤਵਪੂਰਨ ਨੋਟ

ਇਕੱਲੇ ਮਾਲਕਾਂ ਨੂੰ ਛੱਡਕੇ, ਬਾਕੀ **ਸਾਰੇ ਬਿਨੈਕਾਰਾਂ** ਤੋਂ ਇੱਕ **ਕਾਰੋਬਾਰੀ ਬੈਂਕਿੰਗ ਖਾਤੇ** ਦੀ ਵਰਤੋਂ ਕਰਨਾ ਲੋੜਿਆ ਜਾਂਦਾ ਹੈ। ਇਕੱਲੇ ਮਾਲਕ ਇੱਕ ਨਿੱਜੀ ਬੈਂਕਿੰਗ ਖਾਤੇ ਦੀ ਵਰਤੋਂ ਕਰ ਸਕਦੇ ਹਨ, ਪਰ ਇਸਦਾ ਅਰਜ਼ੀ ਵਿੱਚ ਸੂਚੀਬੱਧ ਨਾਮ ਨਾਲ ਮੇਲ ਖਾਣਾ ਲਾਜ਼ਮੀ ਹੈ।








1. Plaid 'ਤੇ ਜਾਰੀ ਰੱਖੋ।
2. ਆਪਣੀ ਬੈਂਕਿੰਗ ਸੰਸਥਾ ਲੱਭੋ।
3. ਆਪਣੇ ਔਨਲਾਈਨ ਬੈਂਕਿੰਗ ਖਾਤੇ ਵਿੱਚ ਸਾਈਨ ਇਨ ਕਰੋ।
4. ਇਜਾਜ਼ਤ ਦੀ ਪੁਸ਼ਟੀ ਕਰੋ।


# ਸੈਕਸ਼ਨ 7:
# ਦਸਤਾਵੇਜ਼ ਅੱਪਲੋਡ ਕਰੋ

## ਕਿਹੜੀ ਜਾਣਕਾਰੀ ਲੋੜੀਂਦੀ ਹੈ?

- ਆਪਣੀ ਡੀਵਾਈਸ ਉੱਤੇ ਦਸਤਾਵੇਜ਼ ਫਾਈਲ ਲੱਭਣ ਲਈ ਅੱਪਲੋਡ ਆਈਕੋਨ ਦੀ ਚੋਣ ਕਰੋ।
- ਜੇ ਫਾਈਲ ਪਾਸਵਰਡ ਨਾਲ ਰੱਖਿਅਤ ਕੀਤੀ ਹੋਈ ਹੈ, ਤਾਂ, "**Password Protected?**", ਸਿਰਲੇਖ ਵਾਲੇ ਡ੍ਰੌਪਡਾਊਨ ਮੀਨੂ ਤੋਂ YES ਦੀ ਚੋਣ ਕਰੋ, ਅਤੇ ਫਾਈਲ ਦਾ ਪਾਸਵਰਡ ਦਾਖਲ ਕਰੋ। ਜੇ ਫਾਈਲ ਪਾਸਵਰਡ ਨਾਲ ਰੱਖਿਅਤ ਨਹੀਂ ਹੈ, ਤਾਂ NO ਦੀ ਚੋਣ ਕਰੋ।





ਜੇ ਫਾਈਲ ਪਾਸਵਰਡ ਨਾਲ ਰੱਖਿਅਤ ਹੈ, ਤਾਂ YES ਦੀ ਚੋਣ ਕਰੋ।




ਜੇ ਫਾਈਲ ਦਾ ਕੋਈ ਪਾਸਵਰਡ ਨਹੀਂ ਹੈ ਤਾਂ NO ਦੀ ਚੋਣ ਕਰੋ।

- ਅਰਜ਼ੀ ਦੀ ਸਥਿਤੀ "**Requested**" ਤੋਂ ਬਦਲਕੇ "**Submitted**" ਹੋ ਜਾਵੇਗੀ।
- ਇਹਨਾਂ ਸਾਰੇ ਕਦਮਾਂ ਨੂੰ ਤਦ ਤੱਕ ਦੁਹਰਾਓ ਜਦ ਤੱਕ ਸਾਰੇ ਦਸਤਾਵੇਜ਼ ਅੱਪਲੋਡ ਨਹੀਂ ਕਰ ਦਿੱਤੇ ਜਾਂਦੇ। ਨੋਟ: ਇੱਕ ਟੈਕਸ ਛੋਟ ਪੱਤਰ ਦੀ ਲੋੜ ਸਿਰਫ਼ ਗੈਰ-ਮੁਨਾਫਾ ਸੰਸਥਾਵਾਂ ਲਈ ਹੁੰਦੀ ਹੈ।



# ਜਮ੍ਹਾਂ ਕਰਨ ਤੋਂ ਪਹਿਲਾਂ
# ਆਪਣੀ ਅਰਜ਼ੀ ਦੀ ਸਮੀਖਿਆ ਕਰੋ


ਇੱਕ ਵਾਰ ਜਦ ਤੁਸੀਂ ਵੈੱਬ ਅਰਜ਼ੀ ਦੇ ਸਾਰੇ ਸੈਕਸ਼ਨ ਭਰ ਦਿੰਦੇ ਹੋ **ਅਤੇ** ਸਾਰੇ ਲੋੜੀਂਦੇ ਦਸਤਾਵੇਜ਼ ਅੱਪਲੋਡ ਕਰ ਦਿੰਦੇ ਹੋ, ਤਾਂ ਆਪਣੀ ਅਰਜ਼ੀ ਜਮ੍ਹਾਂ ਕਰਨ ਤੋਂ ਪਹਿਲਾਂ ਤੁਸੀਂ ਆਪਣੇ ਜਵਾਬਾਂ ਦੀ ਸਮੀਖਿਆ ਕਰਨ ਦੇ ਯੋਗ ਹੋਵੋਂਗੇ।

1. ਜੇ ਤੁਹਾਨੂੰ ਆਪਣੀ ਅਰਜ਼ੀ ਸੋਧਣ ਦੀ ਲੋੜ ਹੈ ਤਾਂ "**I have some edits**" 'ਤੇ ਕਲਿੱਕ ਕਰੋ ਅਤੇ ਕਿਸੇ ਵੀ ਗਲਤੀਆਂ ਨੂੰ ਸੁਧਾਰੋ।

2. **ਮਦਾਂ ਅਤੇ ਸ਼ਰਤਾਂ** ਨੂੰ ਪੜ੍ਹੋ ਅਤੇ ਸਹਿਮਤ ਹੋਣ ਲਈ ਬਾਕਸ ਵਿੱਚ ਸਹੀ ਦਾ ਨਿਸ਼ਾਨ ਲਗਾਓ।

3. ਜੇ ਤੁਸੀਂ ਬਾਅਦ ਵਿੱਚ ਆਪਣੀ ਅਰਜ਼ੀ ਦੀ ਸਮੀਖਿਆ ਕਰਨੀ ਚਾਹੁੰਦੇ ਹੋ ਅਤੇ ਜਮ੍ਹਾਂ ਕਰਨਾ ਚਾਹੁੰਦੇ ਹੋ, ਤਾਂ "**Save and come back later**" ਉੱਤੇ ਕਲਿੱਕ ਕਰੋ। ਆਪਣੀ ਅਰਜ਼ੀ ਦਾ ਪ੍ਰਬੰਧਨ ਕਰਨ ਲਈ ਤੁਸੀਂ ਕਿਸੇ ਵੀ ਸਮੇਂ ਪੋਰਟਲ ਵਿੱਚ ਸਾਈਨ ਇਨ ਕਰ ਸਕਦੇ ਹੋ। ਪੋਰਟਲ ਵਿੱਚ, ਤੁਸੀਂ ਅਧੂਰੀ ਅਰਜ਼ੀ ਜਮ੍ਹਾਂ ਕਰਵਾਉਣ, ਦਸਤਾਵੇਜ਼ ਅੱਪਲੋਡ ਕਰਨ, ਆਪਣੀ ਬੈਂਕ ਜਾਣਕਾਰੀ ਲਿੰਕ ਕਰਨ, ਅਤੇ ਸਥਿਤੀ ਬਾਰੇ ਅੱਪਡੇਟਾਂ ਦੀ ਜਾਂਚ ਕਰਨ ਦੇ ਯੋਗ ਹੋਵੋਂਗੇ।

4. ਤੁਹਾਡੇ ਵੱਲੋਂ ਆਪਣੀ ਅਰਜ਼ੀ ਦੀ ਸਮੀਖਿਆ ਕਰ ਲੈਣ ਅਤੇ ਇਹ ਪੁਸ਼ਟੀ ਕਰਨ ਦੇ ਬਾਅਦ ਕਿ ਤੁਹਾਡੇ ਵੱਲੋਂ ਪ੍ਰਦਾਨ ਕੀਤੀ ਸਾਰੀ ਜਾਣਕਾਰੀ ਸਟੀਕ ਹੈ, ਆਪਣੀ ਅਰਜ਼ੀ ਜਮ੍ਹਾਂ ਕਰਾਉਣ ਲਈ "**Everything is good, Submit Application**" ਉੱਤੇ ਕਲਿੱਕ ਕਰੋ। ਇੱਕ ਵਾਰ ਜਦ ਤੁਸੀਂ ਆਪਣੀ ਅਰਜ਼ੀ ਜਮ੍ਹਾਂ ਕਰ ਦਿੰਦੇ ਹੋ, ਤਾਂ ਤੁਸੀਂ ਆਪਣੇ ਜਵਾਬਾਂ ਵਿੱਚ ਸੋਧ ਕਰਨ ਦੇ ਯੋਗ ਨਹੀਂ ਹੋਵੋਂਗੇ।




**ਮਹੱਤਵਪੂਰਨ ਨੋਟ: ਤੁਸੀਂ ਤਦ ਤੱਕ ਆਪਣੀ ਅਰਜ਼ੀ ਜਮ੍ਹਾਂ ਕਰਵਾਉਣ ਦੇ ਯੋਗ ਨਹੀਂ ਹੋਵੋਂਗੇ ਜਦ ਤੱਕ ਸਾਰੇ ਸੈਕਸ਼ਨ ਭਰ ਨਹੀਂ ਦਿੱਤੇ ਜਾਂਦੇ *ਅਤੇ* ਸਾਰੇ ਲੋੜੀਂਦੇ ਦਸਤਾਵੇਜ਼ ਅੱਪਲੋਡ ਨਹੀਂ ਕਰ ਦਿੱਤੇ ਜਾਂਦੇ। ਜਮ੍ਹਾਂ ਨਾ ਕਰਵਾਈਆਂ ਅਰਜ਼ੀਆਂ ਅਗਲੇ ਪੜਾਅ 'ਤੇ ਨਹੀਂ ਜਾਣਗੀਆਂ ਅਤੇ ਪ੍ਰੋਗਰਾਮ ਲਈ ਯੋਗਤਾ ਪੂਰੀ ਕਰਨ ਵਾਸਤੇ ਸ਼ੁਰੂਆਤੀ ਸਮੀਖਿਆ ਵਿੱਚੋਂ ਨਹੀਂ ਗੁਜ਼ਰਨਗੀਆਂ।**

# ਅਰਜ਼ੀ ਦੀ ਸਥਿਤੀ

## ਇਹਨਾਂ ਦਾ ਮਤਲਬ ਕੀ ਹੈ ਅਤੇ ਤੁਹਾਨੂੰ ਕੀ ਕਰਨਾ ਚਾਹੀਦਾ ਹੈ

# ਪੋਰਟਲਾਂ ਵਿੱਚ ਅਰਜ਼ੀਆਂ ਦੀਆਂ ਸਥਿਤੀਆਂ

ਅਰਜ਼ੀ ਪ੍ਰਕਿਰਿਆ ਦੌਰਾਨ ਕਿਸੇ ਵੀ ਸਮੇਂ, ਤੁਸੀਂ ਆਪਣੀ ਅਰਜ਼ੀ ਦੀ ਸਥਿਤੀ ਪਤਾ ਕਰਨ ਲਈ ਆਪਣੇ ਪੋਰਟਲ ਖਾਤੇ ਵਿੱਚ ਲੌਗ ਇਨ ਕਰ ਸਕਦੇ ਹੋ। ਇੱਕ ਵਾਰ ਸਾਈਨ ਇਨ ਕਰ ਲੈਣ ’ਤੇ, ਤੁਹਾਡੀ ਅਰਜ਼ੀ ਦੀ ਸਥਿਤੀ ਡੈਸ਼ਬੋਰਡ ’ਤੇ ਦੇਖੀ ਜਾ ਸਕਦੀ ਹੈ।

ਤੁਹਾਡੀ ਵੈੱਬ ਅਰਜ਼ੀ ਅਤੇ ਤੁਹਾਡੇ ਵੱਲੋਂ ਅੱਪਲੋਡ ਕੀਤੇ ਜਾਂਦੇ ਲੋੜੀਂਦੇ ਦਸਤਾਵੇਜ਼ਾਂ ਦੇ ਆਧਾਰ ’ਤੇ, ਤੁਹਾਡੀ ਅਰਜ਼ੀ ਦੀ ਸਥਿਤੀ ਬਾਰੇ ਨਿਰਣਾ Lendistry ਦੀ ਪ੍ਰਮਾਣੀਕਰਨ ਟੀਮ ਵੱਲੋਂ ਕੀਤਾ ਜਾਂਦਾ ਹੈ। ਸਾਡੇ ਕਾਲ ਸੈਂਟਰ ਕੋਲ ਤੁਹਾਡੀ ਅਰਜ਼ੀ ਪ੍ਰਮਾਣਿਤ ਕਰਨ ਦੀਆਂ ਸਮਰੱਥਾਵਾਂ **ਨਹੀਂ** ਹਨ ਅਤੇ ਉਹ ਤੁਹਾਡੀ ਸਥਿਤੀ ਨਹੀਂ ਬਦਲ ਸਕਦੇ।

## ਅਧੂਰੀ

**ਇਸਦਾ ਕੀ ਮਤਲਬ ਹੈ:** ਤੁਸੀਂ ਇੱਕ ਔਨਲਾਈਨ ਅਰਜ਼ੀ ਸ਼ੁਰੂ ਕੀਤੀ ਸੀ ਪਰ ਇਸਨੂੰ ਪੂਰਾ ਨਹੀਂ ਕੀਤਾ।
**ਤੁਹਾਨੂੰ ਕੀ ਕਰਨਾ ਚਾਹੀਦਾ ਹੈ:** ਪੋਰਟਲ ਵਿੱਚ ਸਾਈਨ ਇਨ ਕਰੋ ਅਤੇ ਅਰਜ਼ੀ ਵਿਚਲੇ ਸਾਰੇ ਫੀਲਡ ਭਰੋ। ਗ੍ਰਾਂਟ ਵਾਸਤੇ ਵਿਚਾਰੇ ਜਾਣ ਵਾਸਤੇ ਤੁਹਾਨੂੰ ਲਾਜ਼ਮੀ ਤੌਰ ’ਤੇ ਪੂਰੀ ਤਰ੍ਹਾਂ ਭਰੀ ਹੋਈ ਅਰਜ਼ੀ ਜਮ੍ਹਾਂ ਕਰਾਉਣੀ ਚਾਹੀਦੀ ਹੈ।

## ਚੋਣ ਪ੍ਰਕਿਰਿਆ ਦੀ ਉਡੀਕ ਵਿੱਚ

**ਇਸਦਾ ਕੀ ਮਤਲਬ ਹੈ:** ਤੁਸੀਂ ਇੱਕ ਪੂਰੀ ਭਰੀ ਹੋਈ ਅਰਜ਼ੀ ਜਮ੍ਹਾਂ ਕੀਤੀ ਹੈ ਅਤੇ ਵਰਤਮਾਨ ਸਮੇਂ ਇਹ ਯੋਗਤਾ ਵਾਸਤੇ ਸਮੀਖਿਆ ਅਧੀਨ ਹੈ।
**ਤੁਹਾਨੂੰ ਕੀ ਕਰਨਾ ਚਾਹੀਦਾ ਹੈ:** ਤੁਹਾਡੀ ਚੋਣ ਦੇ ਫੈਸਲੇ ਬਾਬਤ ਅਧਿਸੂਚਨਾ ਵਾਸਤੇ ਆਪਣੀ ਈਮੇਲ ਦੀ ਜਾਂਚ ਕਰੋ। ਅਰਜ਼ੀ ਪ੍ਰਕਿਰਿਆ ਵਿੱਚ ਅੱਗੇ ਵਧਣ ਵਾਸਤੇ ਜਾਂ ਤਾਂ ਤੁਹਾਡੀ ਚੋਣ ਕਰ ਲਈ ਜਾਵੇਗੀ, ਉਡੀਕਸੂਚੀ ਵਿੱਚ ਪਾਇਆ ਜਾਵੇਗਾ, ਜਾਂ ਤੁਹਾਡੀ ਚੋਣ ਨਹੀਂ ਕੀਤੀ ਜਾਵੇਗੀ।

## ਸਮੀਖਿਆ ਵਿੱਚ, ਪ੍ਰਮਾਣਿਕਤਾਵਾਂ ਵਿਚਾਰ-ਅਧੀਨ ਹਨ

**ਇਸਦਾ ਕੀ ਮਤਲਬ ਹੈ:** ਤੁਸੀਂ ਪ੍ਰੋਗਰਾਮ ਦੀ ਘੱਟੋ-ਘੱਟ ਯੋਗਤਾ ਦੀਆਂ ਲੋੜਾਂ ਦੀ ਪੂਰਤੀ ਕਰਦੇ ਹੋ ਅਤੇ ਅਰਜ਼ੀ ਪ੍ਰਕਿਰਿਆ ਵਿੱਚ ਅੱਗੇ ਵਧਣ ਵਾਸਤੇ ਤੁਹਾਡੀ ਚੋਣ ਕਰ ਲਈ ਗਈ ਹੈ। ਚੁਣੇ ਜਾਣਾ ਫ਼ੰਡ-ਸਹਾਇਤਾ ਮਿਲਣ ਦੀ ਗਰੰਟੀ ਨਹੀਂ ਦਿੰਦਾ। Lendistry ਤੁਹਾਡੇ ਅਰਜ਼ੀ ਬਾਰੇ ਅੱਪਡੇਟਾਂ ਵਾਸਤੇ ਤੁਹਾਨੂੰ ਈਮੇਲ ਕਰੇਗੀ ਜਾਂ ਕਾਲ ਕਰੇਗੀ।
**ਤੁਹਾਨੂੰ ਕੀ ਕਰਨਾ ਚਾਹੀਦਾ ਹੈ:** ਸਾਰੇ ਲੋੜੀਂਦੇ ਦਸਤਾਵੇਜ਼ਾਂ ਨੂੰ PDF ਫੌਰਮੈਟ ਵਿੱਚ ਅੱਪਲੋਡ ਕਰੋ ਅਤੇ ਅੱਪਡੇਟਾਂ ਵਾਸਤੇ ਆਪਣੀ ਈਮੇਲ ਉੱਤੇ ਨਜ਼ਰ ਰੱਖੋ ਅਤੇ/ਜਾਂ ਬੇਨਤੀਆਂ ਦੀ ਪੈਰਵਾਈ ਕਰੋ (ਆਪਣੇ ਸਪੈਮ ਅਤੇ ਟਰੈਸ਼ ਫੋਲਡਰਾਂ ਨੂੰ ਚੈੱਕ ਕਰਨਾ ਨਾ ਭੁੱਲੋ)।

## ਨਹੀਂ ਚੁਣਿਆ ਗਿਆ

**ਇਸਦਾ ਕੀ ਮਤਲਬ ਹੈ:** ਤੁਸੀਂ ਪ੍ਰੋਗਰਾਮ ਦੀਆਂ ਘੱਟੋ-ਘੱਟ ਯੋਗਤਾ ਲੋੜਾਂ ਦੀ ਪੂਰਤੀ ਨਹੀਂ ਕਰਦੇ ਅਤੇ ਤੁਹਾਡੀ ਅਰਜ਼ੀ ਨੂੰ ਅਯੋਗ ਠਹਿਰਾਇਆ ਗਿਆ ਹੈ।
**ਇਸਦਾ ਕੀ ਮਤਲਬ ਹੈ:**: ਜੇ ਤੁਸੀਂ ਸੋਚਦੇ ਹੋ ਕਿ ਤੁਹਾਡੀ ਅਰਜ਼ੀ ਗਲਤੀ ਨਾਲ ਅਯੋਗ ਕਰਾਰ ਦੇ ਦਿੱਤੀ ਗਈ ਸੀ, ਤਾਂ ਕਿਰਪਾ ਕਰਕੇ ਸਹਾਇਤਾ ਵਾਸਤੇ ਸਾਡੇ ਕਾਲ ਸੈਂਟਰ ਨਾਲ ਸੰਪਰਕ ਕਰੋ।

## ਅਕਿਰਿਆਸ਼ੀਲ

**ਇਸਦਾ ਕੀ ਮਤਲਬ ਹੈ:** ਤੁਸੀਂ ਕੋਈ ਅਰਜ਼ੀ ਭਰਨੀ ਸ਼ੁਰੂ ਕੀਤੀ ਸੀ ਪਰ ਤੁਸੀਂ 60 ਦਿਨਾਂ ਦੇ ਅੰਦਰ ਇਸਨੂੰ ਪੂਰੀ ਕਰਨ ਵਿੱਚ ਅਤੇ ਸਾਰੇ ਲੋੜੀਂਦੇ ਦਸਤਾਵੇਜ਼ ਅੱਪਲੋਡ ਕਰਨ ਵਿੱਚ ਅਸਫਲ ਰਹੇ ਹੋ। ਤੁਹਾਡੀ ਅਰਜ਼ੀ ਨੂੰ ਅਕਿਰਿਆਸ਼ੀਲ ਮੰਨ ਲਿਆ ਗਿਆ ਹੈ ਅਤੇ ਹੁਣ ਇਸਦੀ ਹੋਰ ਸਮੀਖਿਆ ਨਹੀਂ ਕੀਤੀ ਜਾਵੇਗੀ।
**ਤੁਹਾਨੂੰ ਕੀ ਕਰਨਾ ਚਾਹੀਦਾ ਹੈ:** ਜੇ ਤੁਸੀਂ ਅਰਜ਼ੀ ਪ੍ਰਕਿਰਿਆ ਨੂੰ ਜਾਰੀ ਰੱਖਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੀ ਅਰਜ਼ੀ ਮੁੜ ਕਿਰਿਆਸ਼ੀਲ ਕਰਨ ਲਈ ਕਾਲ ਸੈਂਟਰ ਕੋਲ ਪਹੁੰਚ ਕਰੋ।